੨੬੧

ਪਰਮ ਆਤਮਾ, ਜੀਵ ਆਤਮਾ

(ਸੰਪਾਦਕ: ਅਨੰਤ ਪ੍ਰਵਾਹ ਟ੍ਰੱਸਟ ਯੂ.ਕੇ.)

ਆਤਮਾ ਕੀ ਹੈ? ਇਸ ਦੀ ਹੋਂਦ ਦਾ ਸਪੱਸ਼ਟ ਸਬੂਤ ਕਿਵੇਂ ਮਿਲੇ? ਮਹਾਨਕੋਸ਼ ਅਨੁਸਾਰ ਆਤਮਾ ਆਤ੍ਰ ਮਨ ਹੈ ਜਿਸ ਦੁਆਰਾ ਜਾਣਿਆ ਜਾਂਦਾ ਹੈ, ਇਹ ਗਿਆਨ ਦਾ ਅਧਾਰ ਰੂਪ ਹੈ ਭਾਵ ਜਿਸ ਨੂੰ ਗੁਰੂ ਉਪਦੇਸ਼ ਅਤੇ ਆਤਮ ਗ੍ਰੰਥਾਂ ਦੁਆਰਾ ਜਾਣਿਆ ਜਾਂਦਾ ਹੈ। ਆਤਮਾ ਜਾਂ ਰੂਹ ਇਹ ਪ੍ਰਾਣੀਆਂ ਵਿੱਚ ਤੱਤ ਹੈ ਜੋ ਅਨੇਕ ਚੇਸ਼ਟਾ ਦਾ ਕਾਰਣ ਹੈ (ਚੇਸ਼ਟਾ-ਜਤਨ ਕਰਨਾ, ਝਗੜਾ ਕਰਨਾ, ਵਿਚਾਰਨਾ)। ਮਨੁੱਖਾਂ ਵਿੱਚ ਇਹ ਉਹ ਹਸਤੀ ਹੈ ਜਿਸ ਤੋਂ ਮੈਂ ਮੇਰੀ ਦਾ ਬੋਧ ਹੁੰਦਾ ਹੈ। ਕਿਸੇ ਨੇ ਇਸ ਦਾ ਨਿਵਾਸ ਹਿਰਦੇ ਵਿੱਚ, ਕਿਸੇ ਨੇ ਦਿਮਾਗ ਵਿੱਚ ਅਤੇ ਕਿਸੇ ਨੇ ਸਾਰੇ ਹੀ ਅੰਗਾਂ ਵਿੱਚ ਪੂਰਨ ਮੰਨਿਆ ਹੈ।

ਗੁਰਬਾਣੀ ਨੇ ਆਤਮਾ ਨੂੰ ਪ੍ਰਮਾਤਮਾ ਦਾ ਅੰਸ਼ ਮੰਨਿਆ ਹੈ:

- ਕਹੁ ਕਬੀਰ ਇਹੁ ਰਾਮ ਕੀ ਅੰਸੁ॥ (੮੭੧)

- ਆਤਮ ਰਾਮੁ ਰਵਿਆ ਸਭ ਅੰਤਰਿ ਕਤ ਆਵੈ ਕਤ ਜਾਈ ਸੰਤਹੁ॥ (੯੧੬)

ਜਿਸ ਤੇ ਪ੍ਰਭੂ ਦੀ ਮਿਹਰ ਹੋਵੇ ਉਹ ਮਨੁੱਖ ਗੁਰੂ ਦੇ ਸ਼ਬਦ ਗਿਆਨ ਦੀ ਵਿਚਾਰ ਰਾਹੀਂ ਇਹ ਪਛਾਣ ਲੈਂਦਾ ਹੈ ਕਿ ਜੀਵ ਆਤਮਾ ਵਿੱਚ ਪ੍ਰਮਾਤਮਾ ਵਿਆਪਕ ਹੈ ਅਤੇ ਪ੍ਰਮਾਤਮਾ ਦੇ ਵਿੱਚ ਹੀ ਜੀਵ ਰਹਿੰਦਾ ਹੈ:

- ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥ (੧੧੫੩)

ਸਿੱਧਾਂ ਨੂੰ ਤੱਤ ਗਿਆਨ ਦੀ ਬਖਸ਼ਿਸ਼ ਕਰਦੇ ਹੋਏ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ:

- ਅਕਥ ਕਥਾ ਲੇ ਸਮ ਕਰਿ ਰਹੈ॥ ਤਉ ਨਾਨਕ ਆਤਮ ਰਾਮ ਕਉ ਲਹੈ॥ (੯੪੫)

ਜੇ ਮਨੁੱਖ ਪ੍ਰਭੂ ਦੇ ਗੁਣ ਗਾ ਕੇ ਦੁੱਖ ਸੁੱਖ ਨੂੰ ਇੱਕ ਸਮਾਨ ਜਾਣ ਕੇ ਜੀਵਨ ਬਤੀਤ ਕਰੇ ਤਾਂ ਉਹ ਸਾਰੇ ਸੰਸਾਰ ਦੀ ਜਿੰਦ ਪ੍ਰਭੂ ਦੀ ਪ੍ਰਾਪਤੀ ਕਰ ਲੈਂਦਾ ਹੈ।

- ਆਤਮ ਰਾਮੁ ਤਿਸੁ ਨਦਰੀ ਆਇਆ॥ (੨੭੫)

ਆਤਮਾ ਬਾਰੇ ਠੀਕ ਤਰ੍ਹਾਂ ਸਮਝਣ ਲਈ ਜ਼ਰੂਰੀ ਹੈ ਕਿ ਅਸੀਂ ਵਿਸਥਾਰ ਪੂਰਵਕ ਇਕਾਗਰਤਾ ਨਾਲ ਗੁਰੂ ਸ਼ਬਦਾਂ ਦੀ ਵਿਚਾਰ ਕਰੀਏ।

ਆਤਮਾ ਪ੍ਰਮਾਤਮਾ ਦਾ ਰੂਪ

- ਅਚਰਜ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ (੯੬੮)

- ਨਾ ਓਹੁ ਮਰਤਾ ਨਾ ਹਮ ਡਰਿਆ॥ ਨਾ ਓਹੁ ਬਿਨਸੈ ਨਾ ਹਮ ਕੜਿਆ॥
ਨਾ ਓਹੁ ਨਿਰਧਨੁ ਨਾ ਹਮ ਭੂਖੇ॥ ਨਾ ਓਸੁ ਦੂਖੁ ਨ ਹਮ ਕਉ ਦੂਖੇ॥
ਅਵਰੁ ਨ ਕੋਊ ਮਾਰਨਵਾਰਾ॥ ਜੀਅਉ ਹਮਾਰਾ ਜੀਉ ਦੇਨਹਾਰਾ॥ਰਹਾਉ॥
ਨਾ ਉਸੁ ਬੰਧਨ ਨਾ ਹਮ ਬਾਧੇ॥ ਨਾ ਉਸੁ ਧੰਧਾ ਨਾ ਹਮ ਧਾਧੇ॥
ਨਾ ਉਸੁ ਮੈਲੁ ਨ ਹਮ ਕਉ ਮੈਲਾ॥ ਓਸੁ ਅਨੰਦੁ ਤ ਹਮ ਸਦ ਕੇਲਾ॥
ਨਾ ਉਸੁ ਸੋਚੁ ਨ ਹਮ ਕਉ ਸੋਚਾ॥ ਨਾ ਉਸੁ ਲੇਪੁ ਨ ਹਮ ਕਉ ਪੋਚਾ॥
ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ॥ ਜਾ ਉਹੁ ਨਿਰਮਲੁ ਤਾਂ ਹਮ ਜਚਨਾ॥

ਹਮ ਕਿਛੁ ਨਾਹੀ ਏਕੈ ਓਹੀ॥ ਆਗੈ ਪਾਛੈ ਏਕੋ ਸੋਈ॥
ਨਾਨਕ ਗੁਰਿ ਖੋਏ ਭ੍ਰਮ ਭੰਗਾ॥ ਹਮ ਓਇ ਮਿਲਿ ਹੋਏ ਇਕ ਰੰਗਾ॥ (੩੯੧)

- ਆਤਮਾ ਦੇਉ ਪੂਜੀਐ ਗੁਰ ਕੈ ਸਹਜਿ ਸੁਭਾਇ॥ ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ॥
ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ॥ (੮੭)

- ਕਈ ਕੋਟਿ ਭਏ ਬੈਰਾਗੀ॥ ਰਾਮ ਨਾਮ ਸੰਗਿ ਤਿਨਿ ਲਿਵ ਲਾਗੀ॥
ਕਈ ਕੋਟਿ ਪ੍ਰਭ ਕਉ ਖੋਜੰਤੇ॥ ਆਤਮ ਮਹਿ ਪਾਰਬ੍ਰਹਮੁ ਲਹੰਤੇ॥
ਕਈ ਕੋਟਿ ਦਰਸਨ ਪ੍ਰਭ ਪਿਆਸ॥ ਤਿਨ ਕਉ ਮਿਲਿਓ ਪ੍ਰਭੁ ਅਬਿਨਾਸ॥
ਕਈ ਕੋਟਿ ਮਾਗਹਿ ਸਤਸੰਗੁ॥ ਪਾਰਬ੍ਰਹਮ ਤਿਨ ਲਾਗਾ ਰੰਗੁ॥
ਜਿਨ ਕਉ ਹੋਏ ਆਪਿ ਸੁਪ੍ਰਸੰਨ॥ ਨਾਨਕ ਤੇ ਜਨ ਸਦਾ ਧਨਿ ਧੰਨਿ॥
ਕਈ ਕੋਟਿ ਪਾਰਬ੍ਰਹਮ ਕੇ ਦਾਸ॥ ਤਿਨ ਹੋਵਤ ਆਤਮ ਪਰਗਾਸ॥
ਕਈ ਕੋਟਿ ਤਤ ਕੇ ਬੇਤੇ॥ ਸਦਾ ਨਿਹਾਰਹਿ ਏਕੋ ਨੇਤ੍ਰੇ॥
ਕਈ ਕੋਟਿ ਨਾਮ ਰਸੁ ਪੀਵਹਿ॥ ਅਮਰ ਭਏ ਸਦ ਸਦ ਹੀ ਜੀਵਹਿ॥
ਕਈ ਕੋਟਿ ਨਾਮ ਗੁਨ ਗਾਵਹਿ॥ ਆਤਮ ਰਸਿ ਸੁਖਿ ਸਹਜਿ ਸਮਾਵਹਿ॥
ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ॥ ਨਾਨਕ ਓਇ ਪਰਮੇਸੁਰ ਕੇ ਪਿਆਰੇ॥ (੨੭੬)

- ਨਾ ਇਹੁ ਮਾਨਸੁ ਨਾ ਇਹੁ ਦੇਉ॥ ਨਾ ਇਹੁ ਜਤੀ ਕਹਾਵੈ ਸੇਉ॥
ਨਾ ਇਹੁ ਜੋਗੀ ਨਾ ਅਵਧੂਤਾ॥ ਨਾ ਇਸੁ ਮਾਇ ਨ ਕਾਹੂ ਪੂਤਾ॥
ਇਆ ਮੰਦਰ ਮਹਿ ਕੌਨ ਬਸਾਈ॥ ਤਾ ਕਾ ਅੰਤੁ ਨ ਕੋਊ ਪਾਈ॥ਰਹਾਉ॥
ਨਾ ਇਹੁ ਗਿਰਹੀ ਨਾ ਓਦਾਸੀ॥ ਨਾ ਇਹੁ ਰਾਜ ਨ ਭੀਖ ਮੰਗਾਸੀ॥
ਨਾ ਇਸੁ ਪਿੰਡੁ ਨ ਰਕਤੁ ਰਾਤੀ॥ ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ॥
ਨਾ ਇਹੁ ਤਪਾ ਕਹਾਵੈ ਸੇਖੁ॥ ਨਾ ਇਹੁ ਜੀਵੈ ਨ ਮਰਤਾ ਦੇਖੁ॥
ਇਸੁ ਮਰਤੇ ਕਉ ਜੇ ਕੋਊ ਰੋਵੈ॥ ਜੋ ਰੋਵੈ ਸੋਈ ਪਤਿ ਖੋਵੈ॥
ਗੁਰ ਪ੍ਰਸਾਦਿ ਮੈ ਡਗਰੋ ਪਾਇਆ॥ ਜੀਵਨ ਮਰਨੁ ਦੋਊ ਮਿਟਵਾਇਆ॥
ਕਹੁ ਕਬੀਰ ਇਹੁ ਰਾਮ ਕੀ ਅੰਸੁ॥ ਜਸ ਕਾਗਦ ਪਰ ਮਿਟੈ ਨ ਮੰਸੁ॥ (੮੭੧)

ਅੰਡਜ, ਜੇਰਜ, ਉਤਭੁਜ ਅਤੇ ਸੇਤਜ ਆਦਿ ਖਾਣੀਆਂ ਤੋਂ ਪੈਦਾ ਹੋਣ ਵਾਲੀਆਂ ਸਭ ਜੂਨੀਆਂ ਵਿੱਚ ਇਹ ਜੀਵ ਆਤਮਾ ਵਿਚਰਦੀ ਰਹੀ ਹੈ:

- ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥
ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥
ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥ਰਹਾਉ॥
ਕਈ ਜਨਮ ਸੈਲ ਗਿਰਿ ਕਰਿਆ॥ ਕਈ ਜਨਮ ਗਰਭ ਹਿਰਿ ਖਰਿਆ॥
ਕਈ ਜਨਮ ਸਾਖ ਕਰਿ ਉਪਾਇਆ॥ ਲਖ ਚਉਰਾਸੀਹ ਜੋਨਿ ਭ੍ਰਮਾਇਆ॥ (੧੭੬)

- ਅਸਥਾਵਰ ਜੰਗਮ ਕੀਟ ਪਤੰਗਾ॥ ਅਨਿਕ ਜਨਮ ਕੀਏ ਬਹੁ ਰੰਗਾ॥
ਐਸੇ ਘਰ ਹਮ ਬਹੁਤੁ ਬਸਾਏ॥ ਜਬ ਹਮ ਰਾਮ ਗਰਭ ਹੋਇ ਆਏ॥ਰਹਾਉ॥
ਜੋਗੀ ਜਤੀ ਤਪੀ ਬ੍ਰਹਮਚਾਰੀ॥ ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ॥
ਸਾਕਤ ਮਰਹਿ ਸੰਤ ਸਭਿ ਜੀਵਹਿ॥ ਰਾਮ ਰਸਾਇਨੁ ਰਸਨਾ ਪੀਵਹਿ॥
ਕਹੁ ਕਬੀਰ ਪ੍ਰਭ ਕਿਰਪਾ ਕੀਜੈ॥ ਹਾਰਿ ਪਰੇ ਅਬ ਪੂਰਾ ਦੀਜੈ॥ (੩੨੫)

ਆਤਮਾ ਅਮਰ ਹੈ

ਗੁਰਬਾਣੀ ਵਿਚਾਰ ਤੋਂ ਸਪੱਸ਼ਟ ਹੈ ਕਿ ਪਸ਼ੂ ਪੰਛੀਆਂ, ਕੀੜਿਆਂ ਮਕੌੜਿਆਂ, ਬਨਸਪਤੀ ਅਥਵਾ ਪਾਣੀ ਵਿੱਚ ਉਹੀ ਜੀਵਾਤਮਾ ਹੈ ਜਿਹੜੀ ਮਨੁੱਖਾ ਦੇਹੀ ਵਿੱਚ ਹੈ। ਗੁਰਬਾਣੀ ਦਾ ਇਹ ਵੀ ਫੁਰਮਾਨ ਹੈ ਕਿ ਜੀਵ ਦਾ ਕੇਵਲ ਸਰੀਰ ਹੀ ਬਿਨਸਦਾ ਹੈ, ਜੀਵ ਆਤਮਾ ਕਦੇ ਮਰਦੀ ਨਹੀਂ।

- ਮੇਰਾ ਮੇਰਾ ਕਰਿ ਬਿਲਲਾਹੀ॥ ਮਰਣਹਾਰੁ ਇਹੁ ਜੀਅਰਾ ਨਾਹੀ॥ (੧੮੮)

- ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ॥
ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ॥ (੧੩੫੦)

- ਦੇਹੀ ਅੰਦਰਿ ਨਾਮੁ ਨਿਵਾਸੀ॥ ਆਪੇ ਕਰਤਾ ਹੈ ਅਬਿਨਾਸੀ॥
ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ ਹੇ॥ (੧੦੨੬)

ਸੁਭਾਵਿਕ ਹੀ ਇਹ ਸ਼ੰਕਾ ਪੈਦਾ ਹੁੰਦਾ ਹੈ ਕਿ ਪ੍ਰਮਾਤਮਾ ਦੀ ਇਹ ਅੰਸ਼ ਆਤਮਾ ਕਿਸ ਕਾਰਨ ਆਪਣੇ ਅਸਲੇ ਤੋਂ ਜੁਦਾ ਹੋ ਕੇ ਜਨਮ ਮਰਨ ਦੇ ਗੇੜ ਵਿੱਚ ਦੁੱਖ ਸੁੱਖ ਝੱਲ ਰਹੀ ਹੈ? ਇਸ ਦਾ ਉੱਤਰ ਇਹੀ ਹੈ ਕਿ:

- ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥ (੨੮੧)

ਸ੍ਰਿਸ਼ਟੀ ਸਿਰਜਨਾ ਪ੍ਰਭੂ ਦਾ ਇੱਕ ਖੇਲ ਹੈ। ਜੀਵਾਤਮਾ ਨੂੰ ਅਮਰ ਦਰਸਾਉਂਦਿਆਂ ਹੋਇਆਂ ਮਾਰਨ ਜੀਵਾਲਨ ਵਾਲੇ ਪ੍ਰਭੂ ਦੇ ਇਸ ਤਮਾਸ਼ੇ ਦੀ ਅਸਲੀਅਤ ਸਮਝਾਉਣ ਲਈ ਪੰਚਮ ਪਾਤਸ਼ਾਹ ਦਾ ਫੁਰਮਾਨ ਇਸ ਪ੍ਰਕਾਰ ਹੈ:

- ਪਵਨੈ ਮਹਿ ਪਵਨੁ ਸਮਾਇਆ॥ ਜੋਤੀ ਮਹਿ ਜੋਤਿ ਰਲਿ ਜਾਇਆ॥
ਮਾਟੀ ਮਾਟੀ ਹੋਈ ਏਕ॥ ਰੋਵਨਹਾਰੇ ਕੀ ਕਵਨ ਟੇਕ॥
ਕਉਨੁ ਮੂਆ ਰੇ ਕਉਨੁ ਮੂਆ॥ ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ॥ਰਹਾਉ॥
ਅਗਲੀ ਕਿਛੁ ਖਬਰਿ ਨ ਪਾਈ॥ ਰੋਵਨਹਾਰੁ ਭਿ ਊਠਿ ਸਿਧਾਈ॥
ਭਰਮ ਮੋਹ ਕੇ ਬਾਂਧੇ ਬੰਧ॥ ਸੁਪਨੁ ਭਇਆ ਭਖਲਾਏ ਅੰਧ॥
ਇਹੁ ਤਉ ਰਚਨੁ ਰਚਿਆ ਕਰਤਾਰਿ॥ ਆਵਤ ਜਾਵਤ ਹੁਕਮਿ ਅਪਾਰਿ॥
ਨਹ ਕੋ ਮੂਆ ਨ ਮਰਣੈ ਜੋਗੁ॥ ਨਹ ਬਿਨਸੈ ਅਬਿਨਾਸੀ ਹੋਗੁ॥
ਜੋ ਇਹੁ ਜਾਣਹੁ ਸੋ ਇਹੁ ਨਾਹਿ॥ ਜਾਨਣਹਾਰੇ ਕਉ ਬਲਿ ਜਾਉ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ॥ ਨਾ ਕੋਈ ਮਰੈ ਨ ਆਵੈ ਜਾਇਆ॥ (੮੮੫)

<u>ਆਤਮਾ, ਹਿਰਦਾ ਅਥਵਾ ਮਨ</u>

ਆਤਮ ਪਦ ਦਾ ਅਰਥ ਜੀਵ ਆਤਮਾ ਹੈ ਪਰ ਸੁਖਮਨੀ ਸਾਹਿਬ ਵਿੱਚ ਇਹੀ ਪਦ ਹੋਰ ਅਰਥਾਂ ਵਿੱਚ ਵੀ ਆਇਆ ਹੈ:

- ਕਰਹਿ ਭਗਤਿ ਆਤਮ ਕੈ ਚਾਇ॥ ਪ੍ਰਭ ਅਪਨੇ ਸਿਉ ਰਹਹਿ ਸਮਾਇ॥ (੨੮੬)

- ਕਈ ਕੋਟਿ ਆਤਮ ਧਿਆਨੁ ਧਾਰਹਿ॥ ਕਈ ਕੋਟਿ ਕਬਿ ਕਾਬਿ ਬੀਚਾਰਹਿ॥
ਕਈ ਕੋਟਿ ਕਿਰਪਨ ਕਠੋਰ॥ ਕਈ ਕੋਟਿ ਅਭਿਗ ਆਤਮ ਨਿਕੋਰ॥ (੨੭੫)

- ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥ ਹਰਿ ਦਰਗਹ ਕਹੁ ਕੈਸੇ ਗਵੈ॥ (੨੭੮)

ਸੋ ਆਤਮ ਦਾ ਅਰਥ ਹਿਰਦਾ ਅਥਵਾ ਮਨ ਹੀ ਹੈ।

– ਕਵਨ ਮੂਲੁ ਪ੍ਰਾਨੀ ਕਾ ਕਹੀਐ ਕਵਨ ਰੂਪੁ ਦ੍ਰਿਸਟਾਨਿਓ॥
ਜੋਤਿ ਪ੍ਰਗਾਸ ਭਈ ਮਾਟੀ ਸੰਗਿ ਦੁਲਭ ਦੇਹ ਬਖਾਨਿਓ॥ (੧੨੧੬)

ਜੋਤ, ਜੋਤਿ, ਜੋਤੀ

ਸਿਹਾਰੀ ਅਤੇ ਬਿਹਾਰੀ ਤੋਂ ਬਿਨ੍ਹਾਂ ਜੋਤ ਪਦ ਦੀ ਵਰਤੋਂ ਵਾਲਾ ਗੁਰ ਸ਼ਬਦ ਇਸ ਤਰ੍ਹਾਂ ਹੈ:

– ਖਾਤ ਪੀਤ ਅਨੇਕ ਬਿੰਜਨ ਜੈਸੇ ਭਾਰ ਬਾਹਕ ਖੋਤ॥
ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ ਬਿਰਖ ਜੰਤੀ ਜੋਤ॥ (੧੧੨੧)

ਜੋਤ ਦਾ ਅਰਥ ਹੈ ਜੋਤਿਆ ਹੋਇਆ ਜਿਵੇਂ ਬੈਲ,ਖੋਤਾ ਆਦਿ ਰੱਸੀ ਬੰਨ੍ਹ ਕੇ ਖੂਹ ਆਦਿ ਲਈ ਬੰਨ੍ਹੇ ਜਾਂਦੇ ਹਨ।

<u>ਜੋਤਿ ਪਦ ਦੀ ਪ੍ਰਚਲਤ ਵਰਤੋਂ ਬਾਰੇ ਵਿਚਾਰ</u>

੧. ਬਚਪਨ ਤੋਂ ਸੁਣਦੇ ਆ ਰਹੇ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਬਾਬਾ ਲਹਿਣਾ ਜੀ ਅੱਗੇ ਪੰਜ ਪੈਸੇ ਰੱਖ ਕੇ ਜਦ ਮੱਥਾ ਟੇਕ ਦਿੱਤਾ ਤਾਂ ਗੁਰੂ ਨਾਨਕ ਜੀ ਦੀ ਜੋਤਿ ਬਾਬਾ ਲਹਿਣਾ ਜੀ ਵਿੱਚ ਪ੍ਰਵੇਸ਼ ਕਰ ਗਈ ਅਤੇ ਉਹ ਦੂਸਰੇ ਨਾਨਕ ਬਣ ਗਏ। ਫਿਰ ਗੁਰੂ ਅੰਗਦ ਦੇਵ ਜੀ ਨੇ ਉਸੇ ਵਿਧੀ ਅਨੁਸਾਰ ਉਹ ਜੋਤਿ ਗੁਰੂ ਅਮਰਦਾਸ ਜੀ ਵਿੱਚ ਆ ਗਈ ਤੇ ਉਹ ਗੁਰੂ ਨਾਨਕ ਜੀ ਬਣੇ ਅਤੇ ਇਸੇ ਤਰ੍ਹਾਂ ਕਰਦੇ ਹੋਏ ਇਹ ਜੋਤਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆ ਬਿਰਾਜੀ। ਜੋਤਿ ਬਾਰੇ ਗੁਰਸਿੱਖੀ ਵਿਚਲੇ ਇਸ ਵਿਸ਼ਵਾਸ ਦੀ ਦੁਰਵਰਤੋਂ ਕਰਦਿਆਂ ਕਈ ਡੇਰੇਦਾਰ ਗੁਰੂ ਨਾਨਕ ਜੀ ਦੀ ਜੋਤਿ ਦੇ ਪੱਕੇ ਮਾਲਕ ਬਣ ਬੈਠੇ ਹਨ। ਇਸ ਤਰ੍ਹਾਂ ਜੋਤਿ ਪਦ ਦੀ ਵਰਤੋਂ ਕਈ ਤਰ੍ਹਾਂ ਦੇ ਭਰਮਾਂ ਅਤੇ ਠੱਗ ਡੇਰਿਆਂ ਦੀ ਜਨਮਦਾਤੀ ਵੀ ਹੈ।

੨. ਜੋਤਿ ਇੱਕ ਬਿਮਾਰੀ ਵੀ ਹੈ ਜੋ ਕੇਵਲ ਅਗਿਆਨਤਾ ਅਥਵਾ ਭਰਮ ਦੀ ਉਪਜ ਹੁੰਦੀ ਹੈ। ਕਈ ਵਾਰੀ ਇਹ ਜੋਤਿ ਮਰਦਾਂ ਇਸਤਰੀਆਂ ਵਿੱਚ ਰੌਣਕਾਂ ਲਾਉਂਦੀ ਵੇਖਣ ਨੂੰ ਮਿਲ ਜਾਂਦੀ ਹੈ। ਮਰੀਜ਼ ਆਪਣੇ ਵਾਲ ਖਿਲਾਰ ਕੇ ਸਿਰ ਮਾਰਦੇ ਹਨ ਤੇ ਕਈ ਤਰ੍ਹਾਂ ਦੀਆਂ ਅਜੀਬ ਹਰਕਤਾਂ ਤੇ ਗੱਲਾਂ ਕਰਦੇ ਹਨ। ਮੰਨਿਆ ਇਹ ਜਾਂਦਾ ਹੈ ਕਿ ਕਿਸੇ ਭੂਤ ਪ੍ਰੇਤ ਜਾਂ ਅਵਗਤ ਪ੍ਰਾਣੀ ਦੀ ਰੂਹ ਅਥਵਾ ਜੋਤਿ ਦਾ ਵਾਸਾ ਹੋ ਗਿਆ ਹੈ। ਅਜਿਹੇ ਮਰੀਜ਼ਾਂ ਨੂੰ ਡਾਕਟਰ ਜਾਂ ਹਕੀਮ ਕੋਲ ਲਿਜਾਣ ਦੀ ਬਜਾਇ ਬੂਬਨਿਆਂ ਜਾਂ ਜੋਗੀਆਂ ਦੇ ਹਵਾਲੇ ਕੀਤਾ ਜਾਂਦਾ ਹੈ। ਭੂਤ ਪ੍ਰੇਤਾਂ ਦੀ ਕਥਿਤ ਜੋਤਿ ਨੂੰ ਕਾਬੂ ਕਰਨ ਵਾਲੇ ਇਨ੍ਹਾਂ ਲੋਕਾਂ ਨੂੰ ਆਮ ਬੋਲੀ ਵਿੱਚ ਸਿਆਣੇ ਕਿਹਾ ਜਾਂਦਾ ਹੈ। ਇਹ ਸਿਆਣੇ ਆਪਣੇ ਮਰੀਜ਼ ਕੋਲ ਧੂਪ ਜਾਂ ਹੋਰ ਜੜ੍ਹੀਆਂ ਬੂਟੀਆਂ ਧੁਖਾ ਕੇ, ਛੈਣੇ ਢੋਲਕੀਆਂ ਵਜਾ ਕੇ, ਖ਼ਾਸ ਕਿਸਮ ਦੇ ਮੰਤ੍ਰ ਪੜ੍ਹ ਕੇ ਅਜਿਹਾ ਮਾਹੌਲ ਬਣਾਉਂਦੇ ਹਨ ਕਿ ਮਰੀਜ਼ ਜ਼ੋਰ-ਜ਼ੋਰ ਨਾਲ ਸਿਰ ਮਾਰਦਾ ਹੈ। ਇਹ ਸਿਆਣੇ ਮਰੀਜ਼ ਨੂੰ ਖੂਬ ਕੁੱਟਦੇ ਮਾਰਦੇ ਵੀ ਹਨ ਜਿਸ ਤੋਂ ਤੰਗ ਆ ਕੇ ਮਰੀਜ਼ ਰੌਲਾ ਪਾਉਂਦਾ ਹੈ, ਇੱਥੋਂ ਤੱਕ ਕਿ ਕਈ ਵਾਰ ਮਾਰ-ਕੁੱਟ ਨਾ ਸਹਾਰਦੇ ਹੋਏ ਮਰੀਜ਼ ਦੀ ਮੌਤ ਵੀ ਹੋ ਜਾਂਦੀ ਹੈ ਤੇ ਪੁਲਿਸ ਸਿਆਣਿਆਂ ਨੂੰ ਫੜ ਕੇ ਵੀ ਲੈ ਜਾਂਦੀ ਹੈ। ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਡੇਰਾ ਵਡਭਾਗ ਸਿੰਘ ਬਾਰੇ ਸਭ ਨੇ ਸੁਣਿਆ ਹੋਵੇਗਾ।

੩. ਏਸੇ ਤਰ੍ਹਾਂ ਹੀ ਕਈ ਥਾਵਾਂ 'ਤੇ ਕੋਠੇ ਬਣਾ ਕੇ ਖ਼ਾਸ ਦਿਨਾਂ ਤੇ ਦੀਵੇ ਜਗਾਏ ਜਾਂਦੇ ਹਨ। ਬੜੇ ਭਰੋਸੇ ਨਾਲ ਕਿਹਾ ਜਾਂਦਾ ਹੈ ਕਿ ਉਸ ਥਾਂ ਸ਼ਹੀਦਾਂ ਦੀ ਜੋਤਿ ਆਉਂਦੀ ਹੈ। ਅਜਿਹੇ ਭਰਮੀ ਲੋਕ ਲਾਟਾਂ ਵਾਲੀ ਅਥਵਾ ਜੋਤਾਂ ਵਾਲੀ ਦੇਵੀ ਦੀ ਪੂਜਾ ਬੜੀ ਸ਼ਰਧਾ ਨਾਲ ਕਰਦੇ ਹਨ ਤੇ ਜੋਤਾਂ ਵਾਲੀ ਦੇਵੀ ਨੂੰ ਪਸ਼ੂ ਦੀ ਅਤੇ ਮਨੁੱਖ ਦੀ ਬਲੀ ਭੇਟਾ ਦੇਣ ਦਾ ਭਰਮ ਵੀ ਪ੍ਰਚਲਿਤ ਰਿਹਾ ਹੈ ਜੋ ਕਈ ਥਾਈਂ ਅੱਜ ਵੀ ਹੈ।

੪. ਅਰਦਾਸ ਕਰਦੇ ਸਮੇਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਗੁਰਾਂ ਦੀ ਜੋਤਿ ਕਹਿੰਦੇ ਹਾਂ। ਭਾਵ ਉਹੀ ਜੋਤਿ ਜੋ ਪਹਿਲੇ ਨੌਂ ਸਰੂਪਾਂ ਵਿੱਚ ਕੇਵਲ ਇੱਕ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਹੀ ਮੰਨੀ ਜਾਂਦੀ ਰਹੀ ਸੀ, ਗਿਆਰਵੇਂ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਸਾਂ ਸਤਿਗੁਰਾਂ ਦੀ ਭਾਵ ਇੱਕ ਦੇ ਥਾਂ ਜੋਤਿ ਨੇ ਦਸ ਰੂਪ ਧਾਰ ਲਏ? ਇਹ ਗੰਭੀਰ ਸੁਆਲ ਉੱਠਦੇ ਹਨ।

ਪਹਿਲਾ ਸੁਆਲ ਇਹ ਕਿ ਕੀ ਇੱਕ ਸਰੀਰ ਵਿੱਚ ਇੱਕ ਤੋਂ ਵੱਧ ਜੋਤਾਂ ਟਿਕ ਸਕਦੀਆਂ ਹਨ? ਗੁਰਬਾਣੀ ਵਿੱਚ "ਏਕ ਜੋਤਿ ਦੁਇ ਮੂਰਤੀ" ਤਾਂ ਹੈ ਪਰ "ਏਕ ਮੂਰਤਿ ਦੁਇ ਜੋਤਿ" ਕਿਧਰੇ ਵੀ ਨਹੀਂ ਹੈ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇੱਕ ਦੇ ਥਾਂ ਦਸਾਂ ਸਤਿਗੁਰਾਂ ਦੀ ਜੋਤਿ ਕਿਵੇਂ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਪਹਿਲੇ ਨੌਂ ਸਰੂਪਾਂ ਵਾਂਗ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦੇ ਹੀ ਸਦੀਵੀ ਮਾਲਕ ਕਿਸ ਕਾਰਨ ਨਹੀਂ?

ਦੂਜਾ ਸਵਾਲ, ਉਹ ਕਿਹੜੀ ਜੋਤਿ ਹੈ ਜਿਸ ਬਾਰੇ ਗੁਰਬਾਣੀ ਦਾ ਆਪਣਾ ਫੁਰਮਾਨ ਹੈ:

- ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ (੧੩)

ਜਦ ਸਾਰਿਆਂ ਵਿੱਚ ਉਹੀ ਜੋਤਿ ਹੈ ਤਾਂ ਸਪੱਸ਼ਟ ਹੈ ਕਿ ਹਜ਼ਰਤ ਮੁਹੰਮਦ, ਹਜ਼ਰਤ ਈਸਾ ਆਦਿ ਸਾਰੇ ਰੱਬੀ ਮਹਾਂਪੁਰਖਾਂ ਵਿੱਚ ਵੀ ਉਹੀ ਜੋਤਿ ਸੀ ਜੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਵਿੱਚ ਸੀ। ਫਿਰ ਇਹ ਅੱਡਰੇ-ਅੱਡਰੇ ਧਰਮ ਕਿਵੇਂ ਚੱਲ ਪਏ? ਉਸੇ ਨਿਰੰਜਨੀ ਜੋਤਿ ਦੇ ਮਾਲਕ ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਧਰਮ ਨਿਆਰਾ ਕਿਵੇਂ ਹੋਇਆ? ਇਨ੍ਹਾਂ ਸ਼ੰਕਿਆਂ ਦਾ ਠੀਕ ਉੱਤਰ ਅਸਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਸਮਝਣਾ ਹੈ। ਮਹਾਨ ਕੋਸ਼ ਅਨੁਸਾਰ ਜੋਤਿ ਦੇ ਅਰਥ ਇੰਜ ਹਨ:

- ਚਮਕ, ਪ੍ਰਕਾਸ਼, ਰੌਸ਼ਨੀ, **"ਨਾ ਸੂਰਜ ਚੰਦ ਨ ਜੋਤਿ ਅਪਾਰ"॥**

- ਚਮਤਕਾਰੀ ਬੁਧਿ, **"ਜਾਣਹੁ ਜੋਤਿ ਨਾ ਪੂਛਹੁ ਜਾਤੀ"॥**

- ਅਗਨਿ, ਜੋਤਿ ਸ਼ਾਂਤ

- ਸੂਰਜ, ਚੰਦ੍ਰਮਾ ਅਤੇ ਨਛੱਤ੍ਰ

- ਪ੍ਰਮਾਤਮਾ ਵਾਹਿਗੁਰੂ

- ਆਤਮਿਕ ਰੌਸ਼ਨੀ, ਰੂਹਾਨੀ ਰੌਸ਼ਨੀ, **"ਪ੍ਰਗਟੀ ਜੋਤਿ ਮਿਟਿਆ ਅੰਧਿਆਰਾ"॥**

- ਚਾਂਦਨੀ

- ਨੇਤ੍ਰਾਂ ਦੀ ਰੌਸ਼ਨੀ।

ਮਹਾਨਕੋਸ਼ ਅਨੁਸਾਰ ਹੀ ਜੋਤੀ ਦੇ ਅਰਥ ਇੰਜ ਮਿਲਦੇ ਹਨ:

- ਦੇਖਹੁ ਜੋਤਿ

- ਦੇਹ ਨੂੰ ਪ੍ਰਕਾਸ਼ ਦੇਣ ਵਾਲੀ ਜੀਵਾਤਮਾ, **"ਸਭ ਤੇਰੀ ਜੋਤਿ ਜੋਤੀ ਵਿਚਿ ਵਰਤਹਿ"॥**

- ਪਾਰਬ੍ਰਹਮ ਕਰਤਾਰ, **"ਤਿਉ ਜੋਤੀ ਸੰਗ ਜੋਤਿ ਸਮਾਨਾ"॥**

- **"ਜੋਤੀ ਹੂ ਪ੍ਰਭੁ ਜਾਪਦਾ"**

- ਆਤਮ ਵਿਦਿਆ

- ਗਿਆਨ ਪ੍ਰਕਾਸ਼

ਜੋਤਿ ਅਥਵਾ ਜੋਤੀ ਬਾਰੇ ਅਗਲੀ ਵਿਚਾਰ ਅਰੰਭ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਪਹਿਲਾਂ ਉਪਰੋਕਤ ਅਰਥਾਂ ਵਿੱਚ ਗੁਰਬਾਣੀ ਦੀਆਂ ਟੂਕ ਮਾਤਰ ਪੰਗਤੀਆਂ ਸਮਝੀਏ:

– ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ॥
ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ॥ (੫੦੩)

ਤਦੋਂ ਨਾ ਇਹ ਮਾਇਆ ਸੀ, ਨਾ ਮਾਇਆ ਦੇ ਪ੍ਰਭਾਵ ਵਿੱਚ ਮਸਤ ਕੋਈ ਜੀਵ ਸੀ, ਨਾ ਤਦੋਂ ਸੂਰਜ ਸੀ ਨਾ ਚੰਦ੍ਰਮਾ ਸੀ, ਨਾ ਹੀ ਕੋਈ ਹੋਰ ਜੋਤਿ ਸੀ। ਹੇ ਪ੍ਰਭੂ ਸਾਰੇ ਜੀਵਾਂ ਨੂੰ ਵੇਖ ਸਕਣ ਵਾਲੀ ਤੇਰੀ ਅੱਖ, ਤਿੰਨਾਂ ਭਵਨਾਂ ਦੀ ਸਾਰ ਲੈ ਸਕਣ ਵਾਲੀ ਤੇਰੀ ਹੀ ਨਜ਼ਰ ਤੇਰੇ ਆਪਣੇ ਹੀ ਅੰਦਰ ਟਿਕੀ ਹੋਈ ਸੀ।

– ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥ (੩੪੯)

ਇਸ ਤੁਕ ਦੇ ਅਰਥ ਕਰਨ ਵੇਲੇ ਭਾਈ ਵੀਰ ਸਿੰਘ ਅਤੇ ਪ੍ਰਿੰ: ਸਾਹਿਬ ਸਿੰਘ ਜੀ ਨੇ ਜੋਤਿ ਦੇ ਉਹ ਅਰਥ ਨਹੀਂ ਕੀਤੇ ਜੋ ਮਹਾਨਕੋਸ਼ ਵਿੱਚ ਹਨ। ਕੀ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਜੋ ਅਰਥ "ਚਮਤਕਾਰੀ ਬੁੱਧੀ" ਕੀਤੇ ਹਨ ਕੀ ਉਹ ਗੁਰਬਾਣੀ ਦੀ ਪੰਗਤੀ ਦੀ ਚੋਣ ਠੀਕ ਨਹੀਂ ਕੀਤੀ? ਇਸ ਸ਼ੰਕਾ ਦਾ ਉੱਤਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਦੇਣਗੇ। ਅੱਗੇ ਜਿੱਥੇ ਜੋਤਿ ਦਾ ਅਰਥ "ਆਤਮਿਕ ਰੌਸ਼ਨੀ" ਕੀਤਾ ਹੈ ਉਥੇ ਗੁਰਬਾਣੀ ਦੀ ਪੰਗਤੀ ਵਰਤੀ ਹੈ, ਪੂਰਾ ਸ਼ਬਦ ਇਸ ਤਰ੍ਹਾਂ ਹੈ:

– ਮਰਨ ਜੀਵਨ ਕੀ ਸੰਕਾ ਨਾਸੀ॥ ਆਪਨ ਰੰਗਿ ਸਹਜ ਪਰਗਾਸੀ॥
ਪ੍ਰਗਟੀ ਜੋਤਿ ਮਿਟਿਆ ਅੰਧਿਆਰਾ॥ ਰਾਮ ਰਤਨੁ ਪਾਇਆ ਕਰਤ ਬੀਚਾਰਾ॥ (੧੩੪੯)

ਪ੍ਰਭੂ ਦੇ ਨਾਮ ਵਿੱਚ ਸੁਰਤ ਜੋੜਦਿਆਂ ਜਿਸ ਮਨੁੱਖ ਨੂੰ ਨਾਮ ਰਤਨ ਲੱਭ ਪੈਂਦਾ ਹੈ ਅਤੇ ਉਸਦੇ ਅੰਦਰੋਂ ਵਿਕਾਰਾਂ ਦਾ ਹਨ੍ਹੇਰਾ ਮਿਟ ਜਾਂਦਾ ਹੈ, ਉਸ ਮਨੁੱਖ ਦੇ ਮਨ ਵਿੱਚੋਂ ਜਨਮ ਮਰਨ ਦੇ ਗੇੜ ਵਿੱਚ ਪੈਣ ਦਾ ਤੌਖਲਾ ਮੁੱਕ ਜਾਂਦਾ ਹੈ ਕਿਉਂਕਿ ਪ੍ਰਮਾਤਮਾ ਆਪਣੀ ਮਿਹਰ ਨਾਲ ਉਸਦੇ ਅੰਦਰੋਂ ਆਤਮਿਕ ਅਡੋਲਤਾ ਦਾ ਪ੍ਰਕਾਸ਼ ਕਰ ਦਿੰਦਾ ਹੈ।

ਮਹਾਨਕੋਸ਼ ਦੇ ਇਨ੍ਹਾਂ ਅਰਥਾਂ ਵਿੱਚੋਂ ਉਸ ਜੋਤਿ ਦੀ ਟੋਹ ਨਹੀਂ ਮਿਲਦੀ ਜਿਹੜੀ ਜਦੋਂ ਮਰਜ਼ੀ ਹੈ ਕਿਸੇ ਜੀਵ ਵਿੱਚੋਂ ਦੂਜੇ ਵਿੱਚ ਪ੍ਰਵੇਸ਼ ਜਾ ਕਰਦੀ ਹੈ। ਜਾਂ ਕਿਸੇ ਕਰਾਮਾਤੀ ਢੰਗ ਨਾਲ ਸਾਧਾਂ ਸੰਤਾਂ ਵਿੱਚ ਵਾਰੀ-ਵਾਰੀ ਪ੍ਰਵੇਸ਼ ਕਰਨਾ ਅਰੰਭ ਕਰ ਦਿੰਦੀ ਹੋਵੇ।

"ਜੋਤਿ" ਪ੍ਰਮਾਤਮਾ ਦਾ ਅੰਸ਼

ਈਸ਼ਵਰ ਪਰਮਆਤਮਾ ਹੈ ਅਤੇ ਆਤਮਾ ਉਸ ਦਾ ਅੰਸ਼ ਹੈ। ਭਾਵ ਪਰਮ ਆਤਮਾ ਹੀ ਪਰਮ ਜੋਤਿ ਹੈ, ਪ੍ਰਮਾਤਮਾ ਹੀ ਪਰਮ ਰੌਸ਼ਨੀ ਹੈ ਅਤੇ ਪਰਮ ਗਿਆਨ ਹੈ। ਸਾਰਾ ਸੰਸਾਰ ਉਸੇ ਹੀ ਜੋਤਿ ਨਾਲ ਪ੍ਰਕਾਸ਼ਮਾਨ ਹੈ। ਸਾਗਰ ਦੀਆਂ ਬਹੁ ਪ੍ਰਕਾਰੀ ਲਹਿਰਾਂ ਸਾਗਰ ਵਿੱਚ ਕਈ ਰੂਪਾਂ ਨਾਲ ਰੌਣਕਾਂ ਲਾਉਂਦੀਆਂ ਦਿਸ ਆਉਂਦੀਆਂ ਹਨ ਪਰ ਉਹ ਸਾਗਰ ਤੋਂ ਅੱਡ ਨਹੀਂ ਹਨ। ਏਸੇ ਤਰ੍ਹਾਂ ਪਰਮ ਆਤਮਾ ਦੀ ਆਤਮਾ ਜਗਤ ਦੇ ਬਹੁਰੰਗੀ ਜੀਵਾਂ ਵਿੱਚ ਜੀਵ ਤਰੰਗਾਂ ਦਾ ਰੂਪ ਹੈ। ਜਿਵੇਂ ਸੂਰਜ ਦੀਆਂ ਕਿਰਨਾ ਸਾਰੇ ਸੰਸਾਰ ਵਿੱਚ ਰੌਸ਼ਨੀ ਖਿਲਾਰ ਰਹੀਆਂ ਹਨ, ਉਵੇਂ ਹੀ ਪ੍ਰਮਾਤਮਾ ਦੀ ਜੋਤਿ ਅਪਾਰ ਸਿਰਜਣਾ ਦੇ ਬੇਅੰਤ ਜੀਵਾਂ ਵਿੱਚ ਪ੍ਰਕਾਸ਼ਮਾਨ ਹੈ। ਸਤਿਗੁਰਾਂ ਦਾ ਫੁਰਮਾਨ ਹੈ **"ਆਪੇ ਹਰਿ ਇਕੁ ਰੰਗ ਹੈ ਆਪੇ ਬਹੁ ਰੰਗੀ"**॥ ਆਉ ਉਸ ਬਹੁਰੰਗੀ ਸਿਰਜਣਹਾਰ ਦੇ ਹਰ ਇੱਕ ਰੰਗ ਦੇ ਦਰਸ਼ਨ ਕਰੀਏ ਅਤੇ ਸਦਾ ਏਹੀ ਆਖੀਏ **"ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ"**॥

– ਪਰਮ ਜੋਤਿ ਪੂਰਨ ਪੁਰਖ ਸਭਿ ਜੀਅ ਤੁਮ੍ਹਾਰੇ॥ ਜਿਉ ਤੂ ਰਾਖਹਿ ਤਿਉ ਰਹਾ ਪ੍ਰਭ ਅਗਮ ਅਪਾਰੇ॥ (੮੧੫)

– ਕਥੀਐ ਸੰਤਸੰਗਿ ਪ੍ਰਭ ਗਿਆਨੁ॥ ਪੂਰਨ ਪਰਮ ਜੋਤਿ ਪਰਮੇਸੁਰ ਸਿਮਰਤ ਪਾਈਐ ਮਾਨੁ॥ (੧੩੦੦)

ਇਨ੍ਹਾਂ ਦੋਹਾਂ ਪ੍ਰਮਾਣਾਂ ਵਿੱਚ ਪ੍ਰਭੂ ਨੂੰ ਪਰਮ ਜੋਤਿ ਕਿਹਾ ਗਿਆ ਹੈ।

– ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ॥
ਆਤਮ ਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ॥ (੧੩੨੫)

– ਅਲਖ ਨਿਰੰਜਨੁ ਏਕੋ ਵਰਤੈ ਏਕਾ ਜੋਤਿ ਮੁਰਾਰੀ॥ ਸਭਿ ਜਾਚਿਕ ਤੂ ਏਕੋ ਦਾਤਾ ਮਾਗਹਿ ਹਾਥ ਪਸਾਰੀ॥(੫੦੭)

– ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ॥ ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ॥ (੮੫੭)

– ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ॥ ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ॥
ਅਲਖ ਅਪਾਰ ਅਪਾਰੁ ਸਾਚਾ ਆਪੁ ਮਾਰਿ ਮਿਲਾਈਐ॥
ਹਉਮੈ ਮਮਤਾ ਲੋਭੁ ਜਾਲਹੁ ਸਬਦਿ ਮੈਲੁ ਚੁਕਾਈਐ॥
ਦਰਿ ਜਾਇ ਦਰਸਨੁ ਕਰੀ ਭਾਣੈ ਤਾਰਿ ਤਾਰਣਹਾਰਿਆ॥
ਹਰਿ ਨਾਮੁ ਅੰਮ੍ਰਿਤੁ ਚਾਖਿ ਤ੍ਰਿਪਤੀ ਨਾਨਕਾ ਉਰ ਧਾਰਿਆ॥ (੮੪੩)

ਜੋਤੀ ਜੋਤਿ ਸਮਾਉਣਾ

ਜੋਤੀ ਜੋਤਿ ਸਮਾਉਣ ਦਾ ਅਰਥ ਹੈ ਜੋਤੀ ਭਾਵ ਅਕਾਲ ਪੁਰਖ ਵਿੱਚ ਜੋਤਿ ਦਾ ਸਮਾ ਜਾਣਾ। ਪਰ ਅਸਾਂ ਜੋਤੀ ਜੋਤਿ ਸਮਾਉਣ ਦਾ ਅਰਥ ਚੜ੍ਹਾਈ ਕਰ ਜਾਣਾ ਭਾਵ ਸਰੀਰ ਤਿਆਗਣਾ ਅਥਵਾ ਮੌਤ ਹੋ ਜਾਣੀ ਮੰਨਿਆ ਹੋਇਆ ਹੈ। ਗੁਰਮਤਿ ਆਪਣੇ ਅਰਥ ਇੰਜ ਦਰਸਾਉਂਦੀ ਹੈ:

– ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ॥ (੬੩੮)

– ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬੂਝ ਪਾਇ॥
ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ॥ (੬੦੨)

– ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ॥
ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ॥
ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ॥
ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ॥
ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ॥
ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨ ਵੀਛੁੜਿ ਦੁਖੁ ਪਾਇਨਿ॥ (੭੬੯)

– ਗੁਰਮੁਖਿ ਲੰਘੇ ਸੇ ਪਾਰਿ ਪਏ ਸਚੇ ਸਿਉ ਲਿਵ ਲਾਇ॥ ਆਵਾ ਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ॥
ਗੁਰਮਤੀ ਸਹਜੁ ਊਪਜੈ ਸਚੇ ਰਹੈ ਸਮਾਇ॥ (੧੦੦੯)

– ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ॥
ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ॥ (੨੧)

ਸੋ ਉਪਰੋਕਤ ਗੁਰਬਾਣੀ ਵਿਚਾਰ ਤੋਂ ਸਪੱਸ਼ਟ ਹੋਇਆ ਕਿ:

੧. ਜੋਤੀ ਦਾ ਅਰਥ ਜੋਤਿ ਦਾ ਮਾਲਕ ਵਾਹਿਗੁਰੂ ਅਤੇ ਜੋਤਿ ਦਾ ਅਰਥ ਹੈ ਆਤਮਾ।

੨. **"ਜੋਤੀ ਜੋਤਿ ਮਿਲੀ"** ਦਾ ਅਰਥ ਪ੍ਰਮਾਤਮਾ ਵਿੱਚ ਲੀਨ ਹੋ ਜਾਣਾ, ਭਾਵ **"ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ "** (੯੬੯)

੩. ਅਜਿਹੀ ਉੱਚੀ ਆਤਮਿਕ ਅਵਸਥਾ ਕੇਵਲ ਮਨੁੱਖਾ ਸਰੀਰ ਵਿੱਚ ਵਿਚਰਦਿਆਂ ਹੀ ਮਿਲ ਸਕਦੀ ਹੈ ਜੋ ਜੀਉਂਦਿਆਂ ਜੇ ਸਰੀਰ ਵਿੱਚ ਸੁਆਸ ਚਲਦਿਆਂ ਇਹ ਅਵਸਥਾ ਪ੍ਰਾਪਤ ਨਾ ਹੋ ਸਕੀ ਤਾਂ ਮਰ ਕੇ ਜੋਤੀ ਵਿੱਚ ਜੋਤਿ ਨਹੀਂ ਮਿਲ ਸਕਦੀ।

੪. ਇਹ ਅਵਸਥਾ ਸਤਿਗੁਰਾਂ ਦੇ ਹੁਕਮ ਅਨੁਸਾਰ ਚੱਲਣ ਤੋਂ ਪ੍ਰਾਪਤ ਹੁੰਦੀ ਹੈ ਭਾਵ ਸਤਿਗੁਰਾਂ ਦੇ ਉਪਦੇਸ਼ ਅਨੁਸਾਰ ਜੀਵਨ ਵਿੱਚ ਘਾਲੀ ਘਾਲਣਾ ਨੇ ਹੀ ਮੌਤ ਉਪਰੰਤ ਫਲ ਦੇਣਾ ਹੁੰਦਾ ਹੈ **"ਏਕ ਜੋਤਿ ਦੋਇ ਮੂਰਤੀ"** ਜੀਉਂਦਿਆਂ ਹੀ ਹੋਣਾ ਹੈ। ਜੇ ਜੀਉਂਦਿਆਂ ਨਹੀਂ ਤਾਂ ਮਰਨ ਉਪਰੰਤ ਜੋਤੀ ਨੇ ਕਿਸੇ ਨੂੰ ਕਿੱਥੋਂ ਮਿਲਣਾ ਹੈ? ਇਸ ਦੀ ਖ਼ਬਰ ਹੋਣੀ ਮਨੁੱਖੀ ਸੂਝ ਤੋਂ ਪਰ੍ਹੇ ਦੀ ਗੱਲ ਹੈ।

ਬਿਲਾਵਲ ਰਾਗ ਅੰਦਰ ਪੰਚਮ ਪਾਤਿਸ਼ਾਹ ਨੇ ਪ੍ਰਾਣੀ ਦੀ ਆਤਮਿਕ ਉੱਚਤਾ ਵਾਸਤੇ ਵੱਡਮੁੱਲੀ ਸਿੱਖਿਆ ਦਿੱਤੀ ਹੈ। ਜਿਵੇਂ ਲਾਵਾਂ ਤੇ ਬੈਠੀ ਬੀਬੀ ਨੂੰ ਲਾੜੇ ਦਾ ਪੱਲਾ ਫੜਾਉਣ ਸਮੇਂ ਪੱਲੇ ਦਾ ਸ਼ਬਦ **"ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ ॥ ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ"** ਪੜ੍ਹਨ ਦੀ ਪੱਕੀ ਮਰਿਯਾਦਾ ਬਣ ਚੁੱਕੀ ਹੈ, ਏਵੇਂ ਹੀ ਮਿਰਤਕ ਪ੍ਰਾਣੀ ਦੇ ਨਮਿਤ ਰਖਾਏ ਪਾਠ ਦੇ ਭੋਗ ਤੇ ਉਸ ਪਾਵਨ ਛੰਤ ਦਾ ਚੌਥਾ ਬੰਦ ਚੁਣਕੇ ਦੀਵਾਨ ਵਿੱਚ ਗਾਇਆ ਜਾਂਦਾ ਹੈ। ਸ਼ਬਦ ਦੇ ਅਰਥ ਕਰਕੇ ਘਰ ਵਾਲਿਆਂ ਨੂੰ ਅਤੇ ਸੰਗਤ ਨੂੰ ਪ੍ਰਭਾਵ ਇਹ ਦਿੱਤਾ ਜਾਂਦਾ ਹੈ ਕਿ ਮਰਨ ਵਾਲੇ ਦੀ ਆਤਮਾ ਪ੍ਰਭੂ ਦੀ ਜੋਤਿ ਵਿੱਚ ਮਿਲ ਕੇ ਸੰਪੂਰਨ ਹੋ ਗਈ ਹੈ। ਅਜਿਹਾ ਕਰਨ ਵਾਲੇ ਰਾਗੀ, ਗ੍ਰੰਥੀ, ਪ੍ਰਚਾਰਕ ਸਰੋਤਿਆਂ ਦਾ ਮਨ ਰਾਜੀ ਕਰਨ ਲਈ ਗੁਰਬਾਣੀ ਦੀ ਨਿਰਾਦਰੀ ਕਰਨ ਦਾ ਪਾਪ ਖੱਟ ਰਹੇ ਹੁੰਦੇ ਹਨ। ਮਰੇ ਸੰਬੰਧੀ ਦੀ ਗੁਰੂ ਦਰਬਾਰ ਵਿੱਚ ਅਯੋਗ ਉਸਤਤਿ ਕਰਕੇ ਘਰਵਾਲਿਆਂ ਦੀ ਝੋਲੀ ਚੁੱਕਣ ਲਈ ਗੁਰਬਾਣੀ ਦੀ ਵਰਤੋਂ ਆਪਣੀ ਮਰਜ਼ੀ ਦੇ ਅਰਥਾਂ ਨਾਲ ਕਰਨੀ ਮਨਮੁਖਤਾਈ ਹੈ ਭਾਵ ਬਿੱਪ੍ਰਨ ਕੀ ਰੀਤ ਹੈ। ਅੱਜ ਦਾ ਰਿਵਾਜ਼ ਕੱਲ੍ਹ ਨੂੰ ਧਰਮ ਦਾ ਹਿੱਸਾ ਬਣ ਜਾਂਦਾ ਹੈ। ਗੁਰਬਾਣੀ ਦੀ ਅਜਿਹੀ ਅਵੱਗਿਆ ਕੌਮ ਨੂੰ ਕੇਵਲ ਢਹਿੰਦੀਆਂ ਕਲਾਂ ਵੱਲ ਨੂੰ ਹੀ ਨਹੀਂ ਲੈ ਤੁਰਦੀ ਸਗੋਂ ਅਜਿਹੀਆਂ ਭੁੱਲਾਂ ਦੇ ਸਿੱਟੇ ਹੋਰ ਵੀ ਵੱਧ ਦੁੱਖਦਾਈ ਹੁੰਦੇ ਹਨ। ਉਸ ਪਾਵਨ ਛੰਤ ਦਾ ਚੌਥਾ ਬੰਦ ਇਸ ਪ੍ਰਕਾਰ ਹੈ:

- ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ੀ ਹਰਿ ਰਸੁ ਪੀਆ॥ (੮੪੬)

ਜਿਵੇਂ ਸੂਰਜ ਦੇ ਨਿੱਘ ਨਾਲ ਬਰਫ਼ ਬਣੇ ਪਾਣੀ ਦੀ ਕਠੋਰਤਾ ਖ਼ਤਮ ਹੋ ਜਾਂਦੀ ਹੈ ਤਿਵੇਂ ਹਰ ਥਾਂ ਜੀਵ ਅੰਦਰੋਂ ਰੁੱਖਾਪਣ ਮੁੱਕਣ ਨਾਲ ਜੀਵ ਦੀ ਜਿੰਦ ਪ੍ਰਮਾਤਮਾ ਦੀ ਜੋਤਿ ਨਾਲ ਇਕਮਿਕ ਹੋ ਜਾਂਦੀ ਹੈ, ਜੀਵ ਸਾਰੇ ਗੁਣਾਂ ਦੇ ਮਾਲਕ ਪ੍ਰਮਾਤਮਾ ਦਾ ਰੂਪ ਹੋ ਜਾਂਦਾ ਹੈ। ਫਿਰ ਉਸਨੂੰ ਹਰ ਥਾਂ ਪ੍ਰਮਾਤਮਾ ਹੀ ਵਸਦਾ ਨਜ਼ਰੀਂ ਆਉਂਦਾ ਹੈ, ਹਰੇਕ ਵਿੱਚ ਪ੍ਰਭੂ ਹੀ ਬੋਲਦਾ ਉਸਨੂੰ ਸੁਣਦਾ ਹੈ। ਉਸਨੂੰ ਇਉਂ ਜਾਪਦਾ ਹੈ ਕਿ ਹਰ ਥਾਂ ਇੱਕ ਪ੍ਰਮਾਤਮਾ ਦਾ ਹੀ ਜ਼ਿਕਰ ਹੋ ਰਿਹਾ ਹੈ, ਪ੍ਰਭੂ ਤੋਂ ਬਿਨ੍ਹਾਂ ਉਹ ਕਿਸੇ ਹੋਰ ਨੂੰ ਕਿਤੇ ਨਹੀਂ ਪਛਾਣਦਾ। ਉਸਨੂੰ ਨਿਸ਼ਚਾ ਹੋ ਜਾਂਦਾ ਹੈ ਕਿ ਪ੍ਰਮਾਤਮਾ ਆਪੇ ਹੀ ਸਭ ਨੂੰ ਪੈਦਾ ਕਰਨ ਵਾਲਾ ਹੈ, ਜੀਵਾਂ ਵਿੱਚ ਵਿਆਪਕ ਹੋ ਕੇ ਆਪ ਹੀ ਸਾਰੇ ਰੰਗ ਮਾਣ ਰਿਹਾ ਹੈ ਉਹ ਆਪ ਹੀ ਹਰ ਕੰਮ ਦੀ ਪ੍ਰੇਰਨਾ ਕਰ ਰਿਹਾ ਹੈ। ਗੁਰਦੇਵ ਸਾਨੂੰ ਸਮਝਾਉਣ ਲਈ ਬੇਨਤੀ (ਬਿਨਵੰਤ) ਸ਼ਬਦ ਵਰਤ ਕੇ ਫੁਰਮਾਨ ਕਰਦੇ ਹਨ ਕਿ ਇਸ ਅਵਸਥਾ ਨੂੰ ਉਹੀ ਮਨੁੱਖ ਸਮਝਦੇ ਹਨ ਜਿੰਨ੍ਹਾਂ ਨੇ ਪ੍ਰਮਾਤਮਾ ਦੇ ਨਾਮ ਦਾ ਸੁਆਦ ਰੱਖਿਆ ਹੈ।

ਧਿਆਨ ਨਾਲ ਵਿਚਾਰੀਏ ਤਾਂ ਇਸ ਗੁਰੂ ਫੁਰਮਾਨ ਵਿੱਚੋਂ ਕੋਈ ਅਜਿਹੀ ਸਿੱਖਿਆ ਨਹੀਂ ਮਿਲਦੀ ਜਿਹੜੀ ਮਰ ਚੁੱਕੇ ਪ੍ਰਾਣੀ ਲਈ ਲਾਹੇਵੰਦ ਹੋ ਸਕਦੀ ਹੋਵੇ। ਪਰ ਇਸ ਸ਼ਬਦ ਦੀ ਵਰਤੋਂ ਕੇਵਲ ਘਰਵਾਲਿਆਂ ਨੂੰ ਖੁਸ਼ ਕਰਨ ਲਈ ਹੀ ਕੀਤੀ ਜਾ ਰਹੀ ਹੁੰਦੀ ਹੈ। ਜ਼ਿੰਦਗੀ ਵਿੱਚ ਗੁਰੂ ਦੇ ਹੁਕਮ ਤੇ ਚਲਕੇ ਜੋ ਪੂਰਨ ਪ੍ਰਮਾਤਮਾ ਵਿੱਚ ਲੀਨ ਹੋ ਕੇ

ਪੂਰਨ ਹੋ ਗਿਆ ਹੈ, ਮਰਨ ਉਪਰੰਤ ਉਸੇ ਨੇ ਪੂਰਨਤਾ ਪ੍ਰਾਪਤ ਕਰ ਲਈ ਸਮਝੋ। ਜਿਹੜਾ ਜ਼ਿੰਦਗੀ ਵਿੱਚ ਅਧੂਰਾ ਰਿਹਾ ਉਹ ਮਰਕੇ ਕਿਵੇਂ ਸੰਪੂਰਨ ਹੋ ਸਕਦਾ ਹੈ?

- ਸਬਦਿ ਮਰੈ ਸੁ ਮੁਆ ਜਾਪੈ॥ ਕਾਲੁ ਨ ਚਾਪੈ ਦੁਖੁ ਨ ਸੰਤਾਪੈ॥
  ਜੋਤੀ ਵਿਚਿ ਮਿਲਿ ਜੋਤਿ ਸਮਾਣੀ ਸੁਣਿ ਮਨ ਸਚਿ ਸਮਾਵਣਿਆ॥ (੧੧੧)

- ਸਾਚਿ ਰਤੇ ਜਿਨ੍ਹਾ ਧੁਰਿ ਲਿਖਿ ਪਾਇਆ॥ ਹਰਿ ਕਾ ਨਾਮੁ ਸਦਾ ਮਨਿ ਭਾਇਆ॥
  ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ॥ ਜੋਤੀ ਜੋਤਿ ਮਿਲਾਏ ਸੋਇ॥ (੧੧੭੫)

- ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
  ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ (੯੬੯)

- ਜੇਹਾ ਡਿਠਾ ਮੈ ਤੇਹੋ ਕਹਿਆ॥ ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ॥
  ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ॥ (੯੭)

“ਜੋਤਿ” ਪ੍ਰਕਾਸ਼, ਰੌਸ਼ਨੀ, ਨੂਰ, ਜਲਵਾ, ਜਹੂਰ

ਸਤਿਗੁਰਾਂ ਦਾ ਫੁਰਮਾਨ ਹੈ ਕਿ ਜਗਤ ਦਾ ਸਾਰਾ ਚਾਨਣਾ ਪ੍ਰਭੂ ਦੀ ਜੋਤਿ ਤੋਂ ਹੀ ਪ੍ਰਕਾਸ਼ਮਾਨ ਹੈ।

- ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ॥ (੫੦੯)

ਸੋ ਜੋਤਿ ਪ੍ਰਕਾਸ਼ ਦੀ ਅਥਵਾ ਚਾਨਣੇ ਦੀ ਪ੍ਰਤੀਕ ਹੈ:

- ਮੈ ਅੰਧੁਲੇ ਨਾਵੈ ਕੀ ਜੋਤਿ॥ ਨਾਮ ਅਧਾਰਿ ਚਲਾ ਗੁਰ ਕੈ ਭੈ ਭੇਤਿ॥ (੧੨੭੪)

- ਊਰਮ ਧੂਰਮ ਜੋਤਿ ਉਜਾਲਾ॥ ਤੀਨਿ ਭਵਣ ਮਹਿ ਗੁਰ ਗੋਪਾਲਾ॥
  ਊਗਵਿਆ ਅਸਰੂਪੁ ਦਿਖਾਵੈ॥ ਕਰਿ ਕਿਰਪਾ ਅਪੁਨੈ ਘਰਿ ਆਵੈ॥ (੯੩੦)

- ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ॥
  ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ॥ (੪੮੯)

- ਦਸਮੀ ਦਹ ਦਿਸ ਹੋਇ ਅਨੰਦ॥ ਛੂਟੈ ਭਰਮੁ ਮਿਲੈ ਗੋਬਿੰਦ॥
  ਜੋਤਿ ਸਰੂਪੀ ਤਤ ਅਨੂਪ॥ ਅਮਲ ਨ ਮਲ ਨ ਛਾਹ ਨਹੀ ਧੂਪ॥ (੩੪੪)

- ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
  ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥ (੧੩)

- ਚੰਦੁ ਸੂਰਜੁ ਦੁਇ ਜੋਤਿ ਸਰੂਪੁ॥ ਜੋਤੀ ਅੰਤਰਿ ਬ੍ਰਹਮੁ ਅਨੂਪੁ॥
  ਕਹੁ ਰੇ ਗਿਆਨੀ ਬ੍ਰਹਮ ਬੀਚਾਰੁ॥ ਜੋਤੀ ਅੰਤਰਿ ਧਰਿਆ ਪਸਾਰੁ॥ਰਹਾਉ॥
  ਹੀਰਾ ਦੇਖਿ ਹੀਰੇ ਕਰਉ ਆਦੇਸੁ॥ ਕਹੈ ਕਬੀਰੁ ਨਿਰੰਜਨ ਅਲੇਖੁ॥ (੯੭੨)

“ਜੋਤਿ” ਮਤਿ, ਸੁਰਤਿ, ਅਕਲ ਅਥਵਾ ਗਿਆਨ

ਜੋਤਿ ਦੇ ਇਹ ਪੱਖ ਵੀ ਅਸਾਂ ਸਤਿਗੁਰਾਂ ਪਾਸੋਂ ਹੀ ਸਮਝਣੇ ਹਨ:

- ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ॥

ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ॥ (੪੩੪)

ਜੋਤਿ ਦਾ ਅਰਥ ਮਤਿ ਜਾਂ ਅਕਲ ਸਤਿਗੁਰਾਂ ਨੇ ਪੱਟੀ ਬਾਣੀ ਦੇ ਹੀ ਅਗਲੇ ਸੱਤਵੇਂ ਬੰਦ ਵਿੱਚ ਇਸ ਪ੍ਰਕਾਰ ਸਮਝਾ ਦਿੱਤਾ ਹੈ:

- ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ॥ (੪੩੫)

- ਜੋਤਿ ਕੀ ਜਾਤਿ ਜਾਤਿ ਕੀ ਜੋਤੀ॥ ਤਿਤੁ ਲਾਗੇ ਕੰਚੁਆ ਫਲ ਮੋਤੀ॥ (੩੨੫)

ਘਟ ਘਟ ਵਾਸੀ ਜੋਤਿ ਅਥਵਾ ਜੀਵਾਤਮਾ

- ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥
ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ॥
ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ॥
ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ॥
ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ॥ (੯੨੧)

ਜਿਹੜਾ ਪ੍ਰਮਾਤਮਾ ਜੀਵ ਪੈਦਾ ਕਰਕੇ ਉਸਨੂੰ ਜਗਤ ਵਿੱਚ ਭੇਜਦਾ ਹੈ ਉਹ ਆਪ ਹੀ ਇਸ ਜੀਵ ਦੀ ਮਾਂ ਹੈ ਅਤੇ ਆਪ ਹੀ ਪਿਤਾ ਹੈ। ਪ੍ਰਭੂ ਆਪ ਹੀ ਮਾਪਿਆਂ ਵਾਂਗ ਜੀਵ ਨੂੰ ਹਰ ਤਰ੍ਹਾਂ ਦਾ ਸੁੱਖ ਦਿੰਦਾ ਹੈ। ਸੁੱਖ ਆਨੰਦ ਦਾ ਦਾਤਾ ਹੈ ਹੀ ਪ੍ਰਭੂ ਆਪ। ਪਰ ਜੀਵ ਜਗਤ ਦੇ ਮਾਇਕ ਪਦਾਰਥਾਂ ਵਿੱਚੋਂ ਅਨੰਦ ਭਾਲਦਾ ਹੈ। ਜਦੋਂ ਗੁਰੂ ਦੀ ਮਿਹਰ ਨਾਲ ਜੀਵ ਨੂੰ ਗਿਆਨ ਹੁੰਦਾ ਹੈ ਤਾਂ ਇਸ ਨੂੰ ਸਮਝ ਆਉਂਦੀ ਹੈ ਕਿ ਇਹ ਜਗਤ ਤਾਂ ਇੱਕ ਖੇਡ ਹੀ ਹੈ, ਫਿਰ ਜੀਵ ਨੂੰ ਇਹ ਜਗਤ ਮਦਾਰੀ ਦਾ ਇੱਕ ਤਮਾਸ਼ਾ ਹੀ ਹੋ ਦਿੱਸਦਾ ਹੈ। ਭਾਵ ਥਿਰ ਰਹਿਣ ਵਾਲਾ ਆਤਮਿਕ ਅਨੰਦ ਪਦਾਰਥਵਾਦ ਵਿੱਚ ਨਹੀਂ ਹੋ ਸਕਦਾ। ਗੁਰਦੇਵ ਦਾ ਫੁਰਮਾਨ ਹੈ ਕਿ ਹੇ ਮੇਰੇ ਸਰੀਰ! ਜਦੋਂ ਪ੍ਰਭੂ ਨੇ ਜਗਤ ਰਚਨਾ ਦਾ ਮੁੱਢ ਬੱਧਾ ਤਦੋਂ ਤੇਰੇ ਅੰਦਰ ਆਪਣੀ ਜੋਤਿ ਪਾਈ, ਤਦੋਂ ਤੂੰ ਜਗਤ ਵਿੱਚ ਜਨਮਿਆ।

ਪ੍ਰਭੂ ਦੀ ਇਹ ਜੋਤਿ ਬਿਨ੍ਹਾਂ ਕਿਸੇ ਵਿਤਕਰੇ ਦੇ ਸਰਬੱਤ ਜੀਵਾਂ ਵਿੱਚ ਇਕਸਾਰ ਵਿਆਪ ਰਹੀ ਹੈ:

- ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥
ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ॥ (੧੯)

- ਆਪੇ ਮਛੁਲੀ ਆਪੇ ਜਾਲਾ॥ ਆਪੇ ਗਊ ਆਪੇ ਰਖਵਾਲਾ॥
ਸਰਬ ਜੀਆ ਜਗਿ ਜੋਤਿ ਤੁਮਾਰੀ ਜੈਸੀ ਪ੍ਰਭਿ ਫੁਰਮਾਈ ਹੇ॥ (੧੦੨੧)

ਸਮੁੰਦਰ ਜਾਂ ਦਰਿਆ ਆਦਿ ਵਿੱਚ ਕਲੋਲਾਂ ਕਰਦੀ ਮੱਛੀ ਨੂੰ ਕਾਬੂ ਕਰਨ ਵਾਲਾ ਸ਼ਿਕਾਰੀ ਵੀ ਆਪ ਹੈ। ਉਸ ਮੱਛੀ ਦੀ ਭਾਜੀ ਬਣਾਉਣ ਵਾਲਾ ਵੀ ਪ੍ਰਭੂ ਹੀ ਹੈ।

- ਮਨ ਚੂਰੇ ਖਟੁ ਦਰਸਨ ਜਾਣੁ॥ ਸਰਬ ਜੋਤਿ ਪੂਰਨ ਭਗਵਾਨੁ॥ (੩੫੨)

- ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ॥ ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ॥ (੯੯੨)

- ਸਭ ਜੋਤਿ ਤੇਰੀ ਜਗਜੀਵਨਾ ਤੂ ਘਟਿ ਘਟਿ ਹਰਿ ਰੰਗ ਰੰਗਨਾ॥
ਸਭਿ ਧਿਆਵਹਿ ਤੁਧੁ ਮੇਰੇ ਪ੍ਰੀਤਮਾ ਤੂ ਸਤਿ ਸਤਿ ਪੁਰਖ ਨਿਰੰਜਨਾ॥ (੧੩੧੩)

- ਹਰਿ ਜੀਉ ਸੇਵੀਐ ਅੰਤਰਜਾਮੀ॥ ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ॥

ਤਿਸੁ ਨਾਲਿ ਕਿਆ ਚਲੈ ਪਹਨਾਮੀ॥ (੯੩੨)

ਸਿੱਧਾਂ ਨਾਲ ਹੋਈ ਚਰਚਾ ਸਮੇਂ ਜੋਗੀਆਂ ਦੇ ਸਵਾਲ ਤੇ ਗੁਰੂ ਨਾਨਕ ਸਾਹਿਬ ਜੀ ਤ੍ਰਿਭਵਣੀ ਤੱਤ ਅਤੇ ਈਸ਼ਵਰੀ ਜੋਤਿ ਦੀ ਅਸਲੀਅਤ ਸਮਝਾਉਂਦੇ ਹੋਏ ਫੁਰਮਾਉਂਦੇ ਹਨ:

– ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ॥
ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ॥
ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ॥
ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ॥
ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ॥
ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ॥ (੯੪੫)

ਈਸ਼ਵਰ ਦੀ ਜੋਤਿ, ਕਰਤੇ ਦਾ ਨੂਰ, ਪ੍ਰਮਾਤਮਾ ਦਾ ਜਲਵਾ, ਅਕਾਲ ਪੁਰਖ ਦਾ ਪ੍ਰਕਾਸ਼, ਸਾਰੀ ਸ੍ਰਿਸ਼ਟੀ ਵਿੱਚ ਇਕਸਾਰ ਵਿਆਪਕ ਹੈ। ਪ੍ਰਭੂ ਦੀ ਜੋਤਿ ਹਰ ਪ੍ਰਾਣੀ ਦੇ ਹਿਰਦੇ ਵਿੱਚ ਇਕਸਾਰ ਟਿਕੀ ਹੋਈ ਹੈ। ਸਤਿਗੁਰਾਂ ਦੇ ਉਪਦੇਸ਼ ਤੇ ਚਲਦਿਆਂ ਇੱਕ ਰੱਬੀ ਜੋਤਿ ਦੀ ਪਛਾਣ ਆ ਜਾਣੀ ਪ੍ਰਭੂ ਨਾਲ ਸੱਚਾ ਪਿਆਰ ਬਣ ਜਾਣ ਦੀ ਨਿਸ਼ਾਨੀ ਹੈ।

<u>ਜੋਤਿ ਦਾ ਇੱਕ ਅਰਥ ਇਹ ਵੀ</u>

– ਦਾਤਿ ਜੋਤਿ ਸਭ ਸੂਰਤਿ ਤੇਰੀ॥ ਬਹੁਤੁ ਸਿਆਣਪ ਹਉਮੈ ਮੇਰੀ॥ (੧੨੫੧)

– ਜਬ ਨਿਰਗੁਨ ਪ੍ਰਭ ਸਹਜ ਸੁਭਾਇ॥ ਤਬ ਸਿਵ ਸਕਤਿ ਕਹਹੁ ਕਿਤੁ ਠਾਇ॥
ਜਬ ਆਪਹਿ ਆਪਿ ਅਪਨੀ ਜੋਤਿ ਧਰੈ॥ ਤਬ ਕਵਨ ਨਿਡਰੁ ਕਵਨ ਕਤ ਡਰੈ॥
ਆਪਨ ਚਲਿਤ ਆਪਿ ਕਰਨੈਹਾਰ॥ ਨਾਨਕ ਠਾਕੁਰ ਅਗਮ ਅਪਾਰ॥ (੨੯੧)

ਏਕ ਜੋਤਿ ਦੋਇ ਮੂਰਤੀ

– ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ॥ ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ॥
ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ॥ (੩੦)

ਗੁਰੂ ਦੇ ਦੱਸੇ ਗਿਆਨ ਅਨੁਸਾਰ ਆਪਣਾ ਜੀਵਨ ਢਾਲ ਲੈਣ ਲਈ ਆਪਣੇ ਗੁਰੂ ਨਾਲ ਪੱਕੀ ਸਾਂਝ ਪਾ ਲੈਣ ਵਾਲਾ ਸਿੱਖ ਗੁਰੂ ਦਾ ਰੂਪ ਅਥਵਾ ਗੁਰੂ ਹੀ ਹੋ ਜਾਂਦਾ ਹੈ। ਭਾਈ ਲਹਿਣੇ ਤੋਂ ਗੁਰੂ ਅੰਗਦ ਸਾਹਿਬ ਹੋ ਕੇ ਗੁਰੂ ਨਾਨਕ ਹੀ ਬਣ ਗਏ। ਫਿਰ ਸਰੀਰ ਦੋ ਸਨ ਪਰ ਜੋਤਿ ਇੱਕ ਸੀ **"ਰਾਮ ਕਬੀਰਾ ਏਕ"** ਹੋ ਚੁੱਕੇ ਸਨ। ਆਪਣੇ ਗੁਰੂ ਅਥਵਾ ਗੁਰੂ ਤੋਂ ਮਿਲਦੇ ਗਿਆਨ ਤੇ ਪੱਕਾ ਭਰੋਸਾ ਫਿਰ ਅਟੱਲ ਵਿਸ਼ਵਾਸ ਭਰਪੂਰ ਹਿਰਦੇ ਵਿੱਚ ਉਪਜੀ ਆਪਣੇ ਗੁਰੂ ਪ੍ਰਤੀ ਅਪਾਰ ਸ਼ਰਧਾ ਨਾਲ ਗੁਰੂ ਗਿਆਨ ਅਨੁਸਾਰ ਜ਼ਿੰਦਗੀ ਢਾਲ ਲੈਣ ਦੀ ਤੀਬਰ ਸੱਧਰ ਹੀ ਸੱਚੀ ਸਿੱਖੀ ਹੈ। ਉਚੇਚੀ ਦਾਨ ਦੱਛਣਾ ਦੇ ਕੇ ਦੁੱਖਾਂ ਦੀ ਨਵਿਰਤੀ ਲਈ ਅਰਦਾਸਾਂ ਕਰਵਾਉਣੀਆਂ, ਫਿਰ ਕਾਰਜ ਨੇਪਰੇ ਚੜ੍ਹ ਜਾਣ ਤੇ ਸਤਿਗੁਰਾਂ ਦੇ ਸ਼ੁਕਰਾਨੇ ਲਈ ਅਖੰਡਪਾਠ ਕਰਾਈ ਜਾਣੇ, ਕਈ ਖਾਣਿਆਂ ਵਾਲੇ ਲੰਗਰ ਕਰਾ ਕੇ ਲੋਕਾਂ ਤੋਂ ਵਾਹੁ ਵਾਹੁ ਖੱਟਣੀ ਗੁਰਸਿੱਖੀ ਨਹੀਂ ਹੈ। ਇਹ ਕੇਵਲ ਸਿੱਖ ਹੋਣ ਦਾ ਇੱਕ ਡਰਾਮਾ ਹੈ, ਲੈਣ ਦੇਣ ਦਾ ਵਪਾਰ ਹੈ। ਆਪਣੇ ਆਪ ਨਾਲ ਕੀਤਾ ਜਾ ਰਿਹਾ ਧੋਖਾ ਹੈ। ਅਨਮੋਲ ਮਨੁੱਖਾ ਜਨਮ ਨੂੰ ਅਜਾਈਂ ਗੁਆਈ ਜਾਣ ਵਾਲੀ ਭੁੱਲ ਹੈ।

ਆਪਸੀ ਵਿਚਾਰਾਂ ਦੀ ਸੱਚੀ ਸਾਂਝ ਤੋਂ ਅਥਵਾ ਭਰੋਸੇ ਵਾਲੇ ਪਿਆਰ ਤੋਂ ਸੱਖਣਾ ਗ੍ਰਹਿਸਥੀ ਜੀਵਨ ਕੋਈ ਜੀਵਨ ਨਹੀਂ। ਗਲ ਪਿਆ ਢੋਲ ਵਜਾਉਣ ਵਾਲੀ ਗੱਲ ਹੈ। ਗ੍ਰਹਿਸਥੀ ਜੀਵਨ ਦਾ ਇਹ ਵੀ ਇੱਕ ਡਰਾਮਾ ਹੀ ਖੇਡਿਆ ਜਾ ਰਿਹਾ ਹੁੰਦਾ ਹੈ। ਪਰ ਆਪਸ ਵਿੱਚ ਦੋਹਾਂ ਜੀਆਂ ਦੇ ਖ਼ਿਆਲਾਂ ਦੀ ਅਥਵਾ ਵਿਚਾਰਾਂ ਦੀ ਸਾਂਝ, ਭਰੋਸੇ ਵਾਲਾ ਸੱਚਾ ਪਿਆਰ, ਸੁੱਚਾ ਆਚਰਣ, ਗੁਰਮੁਖਾਂ ਵਾਲੇ ਸ਼ੁਭ ਗੁਣਾਂ ਦੀ ਪੂਰੀ ਸਾਂਝ ਵਾਲੇ ਪਤੀ ਪਤਨੀ ਦੋ ਸਰੀਰ ਤੋਂ ਇੱਕ ਬੇਸ਼ੱਕ

ਨਹੀਂ ਹੋ ਸਕੇ ਹੁੰਦੇ, ਪਰ ਉਨ੍ਹਾਂ ਦੀ ਜੋਤਿ ਇੱਕ ਹੋ ਗਈ ਮੰਨੀ ਜਾਂਦੀ ਹੈ। ਅਜਿਹੇ ਭਾਗਾਂ ਵਾਲੇ ਦੰਪਤੀ ਦਾ ਗ੍ਰਹਿਸਥ ਜੀਵਨ ਸੁੱਖੀ ਅਤੇ ਖੁਸ਼ੀਆਂ ਭਰਪੂਰ ਹੁੰਦਾ ਹੈ।

– ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥ ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥ (੭੮੮)

ਅਸਲੀ ਗੱਲ ਤੋਂ ਲਾਂਭੇ ਜਾਣ ਦਾ ਬਹਾਨਾ ਨਹੀਂ ਬਣਾ ਲੈਣਾ ਚਾਹੀਦਾ। ਸਦਾ ਯਾਦ ਰੱਖੀਏ ਕਿ ‘‘ਧਨ’’ ਜੀਵ ਇਸਤਰੀ ਹੈ ਅਤੇ ‘‘ਪਿਰੁ’’ ਪ੍ਰਭੂ ਪਤੀ ਹੈ। ਉਸੇ ਨਾਲ ਹੀ ਇੱਕ ਜੋਤਿ ਹੋਣ ਦਾ ਉਪਦੇਸ਼ ਹੈ।

ਜੋਤਿ ਦਾ ਪ੍ਰਗਟ ਹੋਣਾ

– ਅੰਧਿਆਰੇ ਦੀਪਕੁ ਚਹੀਐ॥ ਇਕ ਬਸਤੁ ਅਗੋਚਰ ਲਹੀਐ॥
ਬਸਤੁ ਅਗੋਚਰ ਪਾਈ॥ ਘਟਿ ਦੀਪਕੁ ਰਹਿਆ ਸਮਾਈ॥ (੬੫੫)

ਅਸਾਂ ਵੇਖਿਆ ਹੈ ਕਿ ਜੋਤਿ ਆਤਮਾ ਦਾ ਹੀ ਦੂਜਾ ਨਾਂਅ ਹੈ। ਆਤਮਾ ਵਾਂਗ ਜੋਤਿ, ਪ੍ਰਮਾਤਮਾ ਦਾ ਅੰਸ਼ ਹੀ ਹੈ। ਪ੍ਰਭੂ ਦਾ ਅੰਸ਼ ਇਹ ਜੋਤਿ ਸਾਰੇ ਸਰੀਰਾਂ ਵਿੱਚ ਨਿਰੰਤਰ ਵਿਚਰ ਰਹੀ ਹੈ। ਜਦ ਜੋਤਿ ਇੱਕ ਹੈ ਤਾਂ ਫਿਰ ਕੋਈ ਗੁਰੂ ਤੇ ਕੋਈ ਚੇਲਾ ਕਿਵੇਂ? ਕੋਈ ਸਾਧਾਰਨ ਮਨੁੱਖ ਅਤੇ ਕੋਈ ਬਰਕਤਾਂ ਵਾਲਾ ਕਰਾਮਾਤੀ ਮਹਾਂਪੁਰਖ ਕਿਵੇਂ? ਜਦ ਅਵਤਾਰਾਂ, ਪੈਗੰਬਰਾਂ, ਸੁਧਾਰਕਾਂ ਵਿੱਚ ਬਿਨ੍ਹਾਂ ਕਿਸੇ ਵਿਤਕਰੇ ਦੇ ਜੋਤਿ ਇੱਕ ਹੈ ਤਾਂ ਉਨ੍ਹਾਂ ਦੇ ਚਲਾਏ ਧਰਮ ਅੱਡ-ਅੱਡ ਕਿਵੇਂ ਹੋਏ? ਫਿਰ ਗੁਰੂ ਨਾਨਕ ਦੇਵ ਜੀ ਦੂਜਿਆਂ ਨਾਲੋਂ ਨਿਆਰੇ ਗੁਰੂ ਕਿਵੇਂ ਹੋਏ? ਜਦ ਸਾਰੇ ਸੰਸਾਰ ਦੇ ਪ੍ਰਾਣੀਆਂ ਵਿੱਚ ਉਸੇ ਇੱਕ ਪ੍ਰਭੂ ਦੀ ਹੀ ਜੋਤਿ ਹੈ ਫਿਰ ਧਰਮਾਂ ਦੀ ਵੰਡ ਨਾਲ ਇਹ ਵਖਰੇਵਾਂ ਕਿਵੇਂ ਬਣਿਆ? ਇਹ ਕਿਵੇਂ ਕਿਹਾ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦਸਾਂ ਗੁਰਾਂ ਦੀ ਜੋਤਿ ਹਨ? ਜਦ ਇੱਕ ਸਰੀਰ ਵਿੱਚ ਕਦੇ ਦੋ ਆਤਮਾਵਾਂ ਨਹੀਂ ਹੋ ਸਕਦੀਆਂ ਤਾਂ ਫਿਰ ਇੱਕ ਸਰੀਰ ਵਿੱਚ ਦੋ ਜਾਂ ਵੱਧ ਜੋਤਾਂ ਕਿਵੇਂ ਹੋ ਸਕਦੀਆਂ ਹਨ। ਇਸ ਭੇਤ ਦੀ ਸੋਝੀ ਗੁਰੂ ਸਾਹਿਬਾਨ ਤੋਂ ਹੀ ਸਮਝੀ ਜਾ ਸਕਦੀ ਹੈ।

ਪੁਰਾਣਿਕ ਗ੍ਰੰਥਾਂ ਵਿੱਚ ਵੀ ਇਹੀ ਲਿਖਿਆ ਹੋਇਆ ਹੈ ਕਿ ਪ੍ਰਭੂ ਦੀ ਜੋਤਿ ਪ੍ਰਮਾਤਮਾ ਦਾ ਅੰਸ਼ ‘‘ਆਤਮਾ’’ ਸਾਰੇ ਜੀਵਾਂ ਵਿੱਚ ਨਿਰੰਤਰ ਹੈ। ਪਰ ਇਹ ਬ੍ਰਾਹਮਣੀ ਗ੍ਰੰਥ ਧਰੂ ਆਦਿ ਬੇਸ਼ੁਮਾਰ ਭਗਤਾਂ ਦੀਆਂ ਅਜਿਹੀਆਂ ਕਹਾਣੀਆਂ ਨਾਲ ਹੀ ਭਰੇ ਹੋਏ ਹਨ ਜਿੰਨ੍ਹਾਂ ਵਿੱਚ ਇਹ ਸਿੱਧ ਕੀਤਾ ਹੋਇਆ ਹੈ ਕਿ ਜੰਗਲਾਂ ਵਿੱਚ ਜਾ ਕੇ ਅਥਵਾ ਪਹਾੜਾਂ ਤੇ ਤਪ ਸਾਧਨਾ ਵਾਲੀ ਭਗਤੀ ਦੁਆਰਾ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰਮਤਿ ਨੇ ਅਜਿਹੇ ਹਰ ਯਤਨਾਂ ਨੂੰ ਫੋਕਟ ਅਥਵਾ ਨਿਸਫ਼ਲ ਦੱਸਿਆ ਹੈ:

– ਜੈ ਕਾਰਣਿ ਤਟਿ ਤੀਰਥ ਜਾਹੀ॥ ਰਤਨ ਪਦਾਰਥ ਘਟ ਹੀ ਮਾਹੀ॥ (੧੫੨)

– ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ॥ (੩੧੩)

ਜੇ ਪ੍ਰਭੂ ਦੀ ਜੋਤਿ ਅੰਦਰ ਹੈ ਤਾਂ ਉਸ ਦਾ ਪਤਾ ਕਿਵੇਂ ਲੱਗੇ?

– ਘਟਿ ਘਟਿ ਵਸਹਿ ਜਾਣਹਿ ਥੋਰਾ॥ ਹੈ ਕੋਈ ਸਾਜਣੁ ਪਰਦਾ ਤੋਰਾ॥
ਕਰਉ ਜਤਨ ਜੇ ਹੋਇ ਮਿਹਰਵਾਨਾ॥ ਤਾ ਕਉ ਦੇਈ ਜੀਉ ਕੁਰਬਾਨਾ॥ (੫੬੨)

ਸੋ ਸਮਝ ਪਈ ਕਿ ਮਨੁੱਖ ਦੇ ਅੰਦਰ ਵਸਦੀ ਉਸ ਜੋਤਿ ਅਤੇ ਮਨੁੱਖ ਦੇ ਵਿਚਕਾਰ ਪਰਦਾ ਬਣਿਆ ਹੋਇਆ ਹੈ। ਉਸ ਪਰਦੇ ਨੂੰ ਵਿਰਲੇ ਗੁਰਮੁਖਾਂ ਭਾਵ ਉਨ੍ਹਾਂ ਨੇ ਜਿਹੜੇ ਆਪਣੇ ਗੁਰੂ ਦੇ ਹੁਕਮ ਅਨੁਸਾਰ ਜੀਵਨ ਢਾਲ ਲੈਂਦੇ ਹਨ, ਤੋੜਿਆ ਹੈ। ਦਇਆਲੂ ਸਤਿਗੁਰੂ ਜੀ ਤੱਤ ਰੂਪੀ ਉਸ ਜੋਤਿ ਦੇ ਮਿਲਾਪ ਦਾ ਰਸਤਾ ਸਮਝਾਉਂਦੇ ਹਨ:

– ਇਸੁ ਗੁਫਾ ਮਹਿ ਅਖੁਟ ਭੰਡਾਰਾ॥ ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ॥
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ॥

ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ॥ਰਹਾਉ॥
ਹਉਮੈ ਮਾਰਿ ਬਜਰ ਕਪਾਟ ਖੁਲਾਇਆ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ॥
ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ॥ ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ॥
ਗੁਰ ਪਰਸਾਦੀ ਸਚਾ ਹਰਿ ਪਾਏ॥ ਮਨਿ ਤਨਿ ਵੇਖੈ ਹਉਮੈ ਮੈਲੁ ਜਾਏ॥
ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ॥
ਨਉ ਦਰ ਠਾਕੇ ਧਾਵਤੁ ਰਹਾਏ॥ ਦਸਵੈ ਨਿਜ ਘਰਿ ਵਾਸਾ ਪਾਏ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦਿ ਸੁਣਾਵਣਿਆ॥
ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੂਕੈ ਫੇਰਾ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥
ਗੁਪਤੁ ਪਰਗਟੁ ਤੂੰ ਸਭਨੀ ਥਾਈ॥ ਗੁਰ ਪਰਸਾਦੀ ਮਿਲਿ ਸੋਝੀ ਪਾਈ॥
ਨਾਨਕ ਨਾਮੁ ਸਾਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ॥ (੧੨੪)

ਸ਼ਬਦ ਦਾ ਭਾਵ ਇਹ ਹੈ ਕਿ ਆਪਣੇ ਮਨ ਦੇ ਪਿੱਛੇ ਲੱਗ ਕੇ ਹੋਰ-ਹੋਰ ਜਪਾਂ ਤਪਾਂ ਵਿੱਚ ਅਥਵਾ ਵਿਖਾਵੇ ਵਾਲੇ ਧਰਮ ਕਰਮਾਂ, ਤੀਰਥ ਯਾਤਰਾਵਾਂ, ਦਾਨ ਪੁੰਨ ਆਦਿ ਵਿੱਚ ਫਸੇ ਰਹਿਣ ਨਾਲ ਕੁਝ ਨਹੀਂ ਸੰਵਰਦਾ। ਸਤਿਗੁਰਾਂ ਦੀ ਸ਼ਰਨ ਪੈ ਕੇ ਉਨ੍ਹਾਂ ਦੇ ਉਪਦੇਸ਼ ਅਨੁਸਾਰ ਚਲਿਆਂ ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ ਅਤੇ ਸੁਰਤ ਪ੍ਰਭੂ ਚਰਨਾਂ ਵਿੱਚ ਟਿਕ ਜਾਂਦੀ ਹੈ। ਜਿਵੇਂ ਗੁਰੂ ਦੀ ਜੋਤਿ ਪ੍ਰਮਾਤਮਾ ਦੀ ਜੋਤਿ ਵਿੱਚ ਰਲ ਚੁੱਕੀ ਹੁੰਦੀ ਹੈ, ਓਵੇਂ ਹੀ ਅਜਿਹੇ ਗੁਰਮੁਖਿ ਦੀ ਜੋਤਿ ਵੀ ਉਸੇ ਪ੍ਰਭੂ ਨਾਲ ਅਭੇਦ ਹੋ ਜਾਂਦੀ ਹੈ। ਸੱਚੀ ਸਾਧਨਾ ਅਤੇ ਨਿਸ਼ਕਾਮ ਘਾਲ ਕਮਾਈ ਨਾਲ ਗੁਰਮੁਖਿ ਵੀ ਓਸੇ ਜੋਤਿ ਦਾ ਮਾਲਕ ਬਣ ਜਾਂਦਾ ਹੈ ਜਿਹੜੀ ਸ਼ਬਦ ਗਿਆਨ ਰੂਪ ਜੋਤਿ ਗੁਰੂ ਦੀ ਹੁੰਦੀ ਹੈ।

- ਸਤਿਗੁਰ ਸਬਦਿ ਉਜਾਰੋ ਦੀਪਾ॥ ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ॥ (੮੨੧)

ਸੱਚਾ ਸਿਦਕੀ ਗੁਰਮੁਖ ਵੇਖਣ ਨੂੰ ਆਪਣੇ ਗੁਰੂ ਨਾਲੋਂ ਅੱਡਰਾ ਹੈ ਪਰ ਜੋਤਿ ਦੋਹਾਂ ਦੀ ਇੱਕ ਹੋ ਚੁੱਕੀ ਹੁੰਦੀ ਹੈ। ਜਦ ਗੁਰੂ ਚੇਲੇ ਦਾ ਗਿਆਨ ਇੱਕ, ਵਿਚਾਰ ਇੱਕ, ਭਾਵ ਗੁਰੂ ਸਿੱਖ ਦੀ ਆਤਮਿਕ ਅਵਸਥਾ ਇੱਕ ਹੋ ਗਈ ਤਾਂ:

- ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ॥
ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ॥ (੮੨੧)

ਫਿਰ ਗੁਰੂ ਨਾਨਕ ਤੋਂ ਗੁਰੂ ਅੰਗਦ ਅਤੇ ਗੁਰੂ ਅੰਗਦ ਤੋਂ ਗੁਰੂ ਅਮਰਦਾਸ ਬਣਦੇ ਗਏ। ਪੰਚਮ ਪਾਤਿਸ਼ਾਹ ਜੀ ਪ੍ਰਭੂ ਮਿਲਾਪ ਦਾ ਅਤੇ ਜੋਤੀ ਵਿੱਚ ਰਲ ਜਾਣ ਦਾ ਰੱਬੀ ਵਿਧਾਨ ਸਮਝਾਉਂਦੇ ਹਨ:

- ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ॥
ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ॥ਰਹਾਉ॥
ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥

ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥
ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ॥
ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ॥
ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ॥
ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ॥ (੨੦੪)

ਸਤਿਗੁਰਾਂ ਨੇ ਪਹਿਲਾਂ ਪ੍ਰਸ਼ਨ ਕਰਕੇ ਪੁੱਛਿਆ ਕਿ ਪ੍ਰਮਾਤਮਾ ਨੂੰ ਕਿੰਨ੍ਹਾਂ ਢੰਗਾਂ ਨਾਲ ਮਿਲ ਸਕੀਦਾ ਹੈ? ਇਹ ਭੇਤ ਸਮਝਾਉਣ ਲਈ ਸਤਿਗੁਰਾਂ ਨੇ ਪ੍ਰਭੂ ਅਤੇ ਜੀਵ ਦੇ ਵਿਚਕਾਰ ਬਣੇ ਹਉਮੈ ਦੇ ਪਰਦੇ ਦੀ ਸੂਝ ਕਰਾਈ ਹੈ। ਫਿਰ ਉਸ ਪਰਦੇ ਨੂੰ ਦੂਰ ਕਰ ਸਕਣ ਦਾ ਸਾਧਨ ਤੇ ਢੰਗ ਸਮਝਾਇਆ ਹੈ। ਹਉਮੈ ਨੂੰ ਦੂਰ ਕਰਕੇ ਮਾਇਆ ਮੋਹ ਤੋਂ ਨਿਰਲੇਪ ਹੋ ਕੇ ਆਤਮਿਕ ਅਡੋਲਤਾ ਵਿੱਚ ਟਿਕਣਾ, ਅੰਦਰ ਵਸਦੇ ਪ੍ਰਭੂ ਨਾਲ ਮਿਲਾਪ ਦਾ ਸਾਧਨ ਹੈ। ਅਜਿਹੀ ਆਤਮਿਕ ਅਵਸਥਾ ਦੀ ਪ੍ਰਾਪਤੀ ਦਾ ਸਿੱਖ ਕੋਲ ਇੱਕੋ ਇੱਕ ਵਸੀਲਾ ਗੁਰੂ ਗ੍ਰੰਥ ਸਾਹਿਬ ਦੀ ਸੰਗਤਿ ਹੀ ਹੈ। ਸਤਿਗੁਰਾਂ ਦੀ ਸਿੱਖਿਆ ਅਨੁਸਾਰ ਜੀਵਨ ਢਾਲ ਕੇ ਪ੍ਰਭੂ ਦੀ ਜੋਤਿ ਵਿੱਚ ਮਿਲਾਉਣ ਵਾਲਾ ਹੀ ਸਤਿਗੁਰਾਂ ਦੀ ਜੋਤਿ ਚਾਨਣੇ ਦਾ ਮਾਲਕ ਬਣਦਾ ਹੈ ਅਤੇ ਗੁਰੂ ਹੀ ਉਹ ਜੋਤਿ ਗੁਰੂ ਦਾ ਗਿਆਨ ਹੈ। ਇਸ ਭੇਦ ਨੂੰ ਹੋਰ ਸਪੱਸ਼ਟ ਕਰਨ ਲਈ ਅਨੇਕ ਹੋਰ ਸ਼ਬਦ ਹਨ:

- ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥
  ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥ (੬੧੭)

ਪ੍ਰਭੂ ਜੋਤਿ ਦੀ ਹੋਂਦ ਦਾ ਗਿਆਨ ਅਤੇ ਹੁਣ ਅੱਗੇ ਉਸ ਦੀ ਪ੍ਰਾਪਤੀ ਦਾ ਸਾਧਨ:

- ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ॥
  ਰਾਮ ਨਾਮੁ ਹੈ ਜੋਤਿ ਸਬਾਈ ਤਤੁ ਗੁਰਮਤਿ ਕਾਢਿ ਲਈਜੈ॥ (੧੩੨੩)

ਸਤਿਗੁਰਾਂ ਦੀ ਕਿਰਪਾ ਨਾਲ ਸਮਝ ਆ ਰਹੀ ਹੈ ਕਿ ਜੋਤਿ ਦੀ ਅਸਲੀਅਤ ਗੁਰੂ ਦੀ ਮਤਿ ਤੋਂ ਜਾਣੀ ਜਾ ਸਕਦੀ ਹੈ:

- ਗੁਰਮੁਖਿ ਚਲਤੁ ਰਚਾਇਓਨੁ ਗੁਣ ਪਰਗਟੀ ਆਇਆ॥ ਗੁਰਬਾਣੀ ਸਦ ਉਚਰੈ ਹਰਿ ਮੰਨਿ ਵਸਾਇਆ॥
  ਸਕਤਿ ਗਈ ਭ੍ਰਮੁ ਕਟਿਆ ਸਿਵ ਜੋਤਿ ਜਗਾਇਆ॥ ਜਿਨ ਕੈ ਪੋਤੈ ਪੁੰਨੁ ਹੈ ਗੁਰੁ ਪੁਰਖੁ ਮਿਲਾਇਆ॥
  ਨਾਨਕ ਸਹਜੇ ਮਿਲਿ ਰਹੇ ਹਰਿ ਨਾਮਿ ਸਮਾਇਆ॥ (੧੨੩੯)

ਗੁਰੂ ਸ਼ਬਦ ਗਿਆਨ ਤੇ ਤੁਰਨ ਦੀ ਘਾਲ ਕਮਾਈ ਦਾ ਫਲ ਪ੍ਰਾਪਤ ਹੋਇਆ, ਪੂਰਨ ਸਤਿਗੁਰਾਂ ਦੀਆਂ ਮਿਹਰਾਂ ਹੋ ਗਈਆਂ। ਕਪਾਟ ਖੁੱਲ੍ਹ ਗਏ ਅਤੇ ਅੰਦਰ ਟਿਕੀ ਹੋਈ ਜੋਤਿ ਪ੍ਰਗਟ ਹੋ ਗਈ। ਬੁੱਧੀ ਚਮਕ ਪਈ ਅਤੇ ਗਿਆਨ ਦਾ ਪ੍ਰਕਾਸ਼ ਹੋ ਜਾਣਾ ਹੈ:

- ਅੰਤਰਿ ਹੋਇ ਗਿਆਨ ਪਰਗਾਸੁ॥ (੨੭੮)

- ਪ੍ਰਗਟੀ ਜੋਤਿ ਮਿਟਿਆ ਅੰਧਿਆਰਾ॥ ਰਾਮ ਰਤਨੁ ਪਾਇਆ ਕਰਤ ਬੀਚਾਰਾ॥ (੧੩੪੯)

ਆਤਮਿਕ ਅਡੋਲਤਾ ਦੀ ਪ੍ਰਾਪਤੀ ਦਾ ਸਾਧਨ ਅਤੇ ਫਿਰ ਆਤਮਿਕ ਅਡੋਲਤਾ ਦੁਆਰਾ ਕਾਇਆ ਕਲਪ ਹੋ ਜਾਣ ਦੀ ਸੂਝ ਬਖਸ਼ਦੇ ਹੋਏ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

- ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ॥ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਏ॥
  ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥
  ਭਾਈ ਰੇ ਗੁਰ ਬਿਨੁ ਸਹਜੁ ਨ ਹੋਇ॥ ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ॥ਰਹਾਉ॥

ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ॥ ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਨੁ ਬਾਦਿ॥
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ॥ ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ॥
ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ॥ ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ॥
ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ॥ ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ॥
ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ॥ ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ॥
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ॥ (੬੮)

ਇਹ ਸਦਾ ਯਾਦ ਰੱਖਣਾ ਹੈ ਕਿ ਸਤਿਗੁਰੂ ਦੀ ਸਿੱਖਿਆ ਤੇ ਤਨੋ ਮਨੋ ਤੁਰਨ ਤੋਂ ਬਿਨ੍ਹਾਂ ਸਹਿਜ ਅਵਸਥਾ ਪ੍ਰਾਪਤ ਨਹੀਂ ਹੋ ਸਕਦੀ। ਆਪਣੇ ਸਤਿਗੁਰੂ ਦਾ ਉਪਦੇਸ਼ ਗ੍ਰਹਿਣ ਕਰਕੇ ਉਸ ਅਨੁਸਾਰ ਚੱਲਣਾ ਅਤੇ ਪ੍ਰਮਾਤਮਾ ਦੀ ਨਦਰ ਦਾ ਸਦਕਾ ਹੀ ਪ੍ਰਭੂ ਨਾਲ ਬਣ ਆਉਂਦੀ ਹੈ। ਪ੍ਰਭੂ ਦੀ ਬਖਸ਼ਿਸ਼ ਦਾ ਦਰ ਸਤਿਗੁਰੂ ਦੀ ਸਿੱਖਿਆ ਤੇ ਚੱਲਣ ਤੋਂ ਖੁੱਲ੍ਹਦਾ ਹੈ। ਗੁਰੂ ਦੀ ਸਿੱਖਿਆ ਅਤੇ ਪ੍ਰਭੂ ਦੀ ਨਦਰ ਦੋਹਾਂ ਦੀ ਪ੍ਰਾਪਤੀ ਹੋਣੀ ਜ਼ਰੂਰੀ ਹੈ।

ਪ੍ਰਭੂ ਦੀ ਜੋਤਿ ਸਭ ਵਿੱਚ ਹੈ ਪਰ ਮਨੁੱਖ ਨੂੰ ਵਿਸ਼ੇਸ਼ ਆਤਮਿਕ ਉੱਚਤਾ ਦੀ ਪ੍ਰਾਪਤੀ ਤਦ ਹੁੰਦੀ ਹੈ ਜਦ ਜੋਤਿ ਦੇ ਪ੍ਰਗਟ ਹੋ ਜਾਣ ਤੋਂ ਮਤਿ ਪ੍ਰਗਾਸ ਹੋ ਜਾਂਦੀ ਹੈ ਭਾਵ ਆਤਮਿਕ ਜੀਵਨ ਦਾ ਚਾਨਣਾ ਹੋ ਜਾਂਦਾ ਹੈ। ਮਨੁੱਖ ਨੂੰ ਅਹਿਜੇ ਉੱਚੇ ਜੀਵਨ ਦੀ ਪ੍ਰਾਪਤੀ ਕਿਵੇਂ ਹੋਵੇ?

- ਜਬ ਗੁਣ ਗਾਇ ਤਬ ਹੀ ਮਨੁ ਤ੍ਰਿਪਤੈ ਸਾਂਤਿ ਵਸੈ ਮਨਿ ਆਇ॥
ਗੁਰ ਕਿਰਪਾਲ ਭਏ ਤਬ ਪਾਇਆ ਹਰਿ ਚਰਣੀ ਚਿਤੁ ਲਾਇ॥
ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ॥
ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ॥ (੧੧੯੯)

ਸਤਿਗੁਰਾਂ ਦੀ ਸਹਾਇਤਾ ਅਤੇ ਪ੍ਰਭੂ ਦੀ ਕਿਰਪਾ ਦੁਆਰਾ ਹਉਮੈ ਦਾ ਪਰਦਾ ਹਟਾ ਕੇ ਜੋਤਿ ਦਾ ਪ੍ਰਕਾਸ਼ ਹੋਣਾ ਹੈ ਅਤੇ ਹਿਰਦੇ ਵਿੱਚ ਖੇੜਾ ਆ ਜਾਣਾ ਹੈ।

- ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ॥ ਪ੍ਰਭੂ ਦਇਆ ਤੇ ਕਮਲ ਬਿਗਾਸੁ॥ (੨੭੧)

ਅਜਿਹੀਆਂ ਅਮੋਲਕ ਪ੍ਰਾਪਤੀਆਂ ਸਤਿਗੁਰਾਂ ਦੇ ਸਨਮੁੱਖ ਰਹਿਣ ਨਾਲ ਹੁੰਦੀਆਂ ਹਨ।

– ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ॥ ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ॥
ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ॥
ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ॥
ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ॥
ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ॥ (੧੧੧੧)

ਸਾਧ ਗੁਰੂ ਦੀ ਸੰਗਤਿ ਵਿੱਚ ਰਹਿਆਂ ਹੀ ਹੰਕਾਰ ਨੂੰ ਨੱਥ ਪੈ ਸਕਦੀ ਹੈ ਅਤੇ ਸਾਧ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਗਤਿ ਲਗਨ ਅਤੇ ਇਕਾਗਰਤਾ ਨਾਲ ਕੀਤਿਆਂ ਅਤੇ ਬੁੱਧ ਪ੍ਰਾਪਤੀ ਲਈ ਨਿਮਰਤਾ ਨਾਲ ਜੋਦੜੀਆਂ ਕਰਨੀਆਂ ਹਨ ਤਦ ਸ੍ਰੇਸ਼ਟ ਗਿਆਨ ਦਾ ਪ੍ਰਕਾਸ਼ ਹੋ ਕੇ ਪ੍ਰਭੂ ਦਾ ਮਿਲਾਪ ਅੰਦਰੋਂ ਹੀ ਹੋ ਜਾਂਦਾ ਹੈ।

– ਸਾਧ ਕੈ ਸੰਗਿ ਮਿਟੈ ਅਭਿਮਾਨੁ॥ ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥
ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥ (੨੭੧)

– ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ॥ ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ॥
ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ॥ ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ॥
ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ॥ (੫੧੨)

– ਕਬਹੂ ਸਾਧਸੰਗਤਿ ਇਹੁ ਪਾਵੈ॥ ਉਸੁ ਅਸਥਾਨ ਤੇ ਬਹੁਰਿ ਨ ਆਵੈ॥
ਅੰਤਰਿ ਹੋਇ ਗਿਆਨ ਪਰਗਾਸੁ॥ ਉਸੁ ਅਸਥਾਨ ਕਾ ਨਹੀ ਬਿਨਾਸੁ॥
ਮਨ ਤਨ ਨਾਮਿ ਰਤੇ ਇਕ ਰੰਗਿ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥
ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥ (੨੭੯)

– ਜਹ ਝਿਲਿ ਮਿਲਿ ਕਾਰੁ ਦਿਸੰਤਾ॥ ਤਹ ਅਨਹਦ ਸਬਦ ਬਜੰਤਾ॥
ਜੋਤੀ ਜੋਤਿ ਸਮਾਨੀ॥ ਮੈ ਗੁਰ ਪਰਸਾਦੀ ਜਾਨੀ॥ ਰਤਨ ਕਮਲ ਕੋਠਰੀ॥ ਚਮਕਾਰ ਬੀਜੁਲ ਤਹੀ॥
ਨੇਰੈ ਨਾਹੀ ਦੂਰਿ॥ ਨਿਜ ਆਤਮੈ ਰਹਿਆ ਭਰਪੂਰਿ॥ (੬੫੭)

– ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ॥ (੨੦੯)

ਗੁਰਬਾਣੀ ਵਿੱਚ ਆਏ ਜੋਤਿ ਦੇ ਸਾਰੇ ਪੱਖਾਂ ਨੂੰ ਵਿਚਾਰਨ ਤੋਂ ਸਿੱਧ ਹੋਇਆ ਕਿ:

੧. ਕਿਉਂਕਿ ਜੀਵਾਤਮਾ ਦਾ ਹੀ ਦੂਜਾ ਨਾਮ ਜੋਤਿ ਹੈ ਇਸ ਲਈ ਜਿਵੇਂ ਇੱਕ ਸਰੀਰ ਵਿੱਚ ਕੇਵਲ ਇੱਕ ਹੀ ਜੀਵ ਆਤਮਾ ਦੀ ਹੋਂਦ ਮੰਨੀ ਗਈ ਹੋਈ ਹੈ ਏਵੇਂ ਹੀ ਜੋਤਿ ਵੀ ਇੱਕ ਸਰੀਰ ਵਿੱਚ ਕੇਵਲ ਇੱਕ ਹੀ ਹੁੰਦੀ ਹੈ। ਕਿਸੇ ਕਥਿਤ ਅਵਗਤੀ ਮਨੁੱਖ ਦੀ ਜੋਤਿ ਅਥਵਾ ਜਿੰਨ, ਭੂਤ ਦੀ ਜੋਤਿ ਕਿਸੇ ਬਿਮਾਰ ਦੇ ਸਰੀਰ ਵਿੱਚ ਆ ਵੜੀ ਮੰਨ ਕੇ ਉਸਨੂੰ ਕਥਿਤ ਸਿਆਣਿਆਂ ਕੋਲ ਜਾਂ ਕਥਿਤ ਸਾਧਾਂ ਸੰਤਾਂ ਦੇ ਡੇਰਿਆਂ ਵਿੱਚ ਲਈ ਫਿਰਨਾ ਦੁੱਖਦਾਈ ਭਰਮ ਹੈ। ਅਜਿਹੀ ਅਵਾਰਾ ਫਿਰਦੀ ਖੱਜਲ ਹੁੰਦੀ ਅਤੇ ਦੂਜਿਆਂ ਨੂੰ ਦੁੱਖੀ ਕਰਦੀ ਅਜਿਹੀ ਕਿਸੇ ਕਥਿਤ ਜੋਤਿ ਦਾ ਸੰਕੇਤ ਤੱਕ ਵੀ ਗੁਰਬਾਣੀ ਵਿੱਚ ਨਹੀਂ ਮਿਲਦਾ।

੨. ਆਤਮਾ ਦਾ ਅਰਥ ਚੇਤਨਤਾ, ਜ਼ਮੀਰ, ਮਨ ਅਥਵਾ ਸੂਝ ਬੂਝ ਅਤੇ ਸੂਰਜ ਵੀ ਮੰਨਿਆ ਗਿਆ ਹੈ। ਪਰ ਆਤਮਾ ਦਾ ਪ੍ਰਚੱਲਤ ਅਰਥ ਲੋਅ ਜਾਂ ਰੌਸ਼ਨੀ ਆਮ ਬੋਲੀ ਵਿੱਚ ਕਦੇ ਨਹੀਂ ਸੁਣੇ ਜਾਂਦੇ। ਜਦਕਿ ਜੋਤਿ ਦੇ ਅਰਥ ਆਮ ਬੋਲੀ ਵਿੱਚ ਵੀ ਦੀਪਕ, ਰੌਸ਼ਨੀ ਅਥਵਾ ਚਾਨਣ ਆਦਿ ਹਨ। ਆਤਮਿਕ ਰੌਸ਼ਨੀ ਅਥਵਾ ਅਗਿਆਨਤਾ ਦਾ ਹਨ੍ਹੇਰਾ ਦੂਰ ਕਰਨ ਵਾਸਤੇ ਗਿਆਨ ਨੂੰ ਵੀ ਜੋਤਿ ਹੀ ਕਿਹਾ ਗਿਆ ਹੈ।

੩. ਆਤਮਾ ਅਥਵਾ ਜੋਤਿ ਰੂਪੀ ਗਿਆਨ ਦੀ ਹੋਂਦ ਤਾਂ ਸਾਰੇ ਸਰੀਰਾਂ ਵਿੱਚ ਹੈ ਪਰ ਇਹ ਸਾਰੇ ਸਰੀਰਾਂ ਵਿੱਚ ਸਮਾਨ ਨਹੀਂ ਹੈ। ਜੋਤਿ ਦਾ ਵਾਸਾ ਮੂਰਖਾਂ ਅਤੇ ਪਾਗਲਾਂ ਵਿੱਚ ਵੀ ਹੈ ਪਰ ਉਨ੍ਹਾਂ ਵਿੱਚ ਗਿਆਨ ਦੀ ਅਣਹੋਂਦ ਹੁੰਦੀ ਹੈ।

੪. ਕਰਤੇ ਦਾ ਹੁਕਮ ਰੂਪੀ ਖੇਲ ਹੈ ਕਿ ਗਿਆਨ ਰੂਪੀ ਜੋਤਿ ਮਾਇਆ ਦੇ ਪ੍ਰਭਾਵ ਹੇਠ ਸੁੱਤੀ ਹੁੰਦੀ ਹੈ। ਮਾਤਾ ਦੇ ਉਦਰ ਦੀ ਅਗਨੀ ਤੋਂ ਬਾਹਰ ਆਉਂਦਿਆਂ ਹੀ ਭਾਵ ਸੰਸਾਰ ਵਿੱਚ ਜਨਮ ਲੈਂਦਿਆਂ ਹੀ ਮਾਇਆ ਆਪਣਾ ਜ਼ੋਰ ਪਾ ਲੈਂਦੀ ਹੈ:

– ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥ (੯੨੧)

ਮਾਇਆ ਦੇ ਪ੍ਰਭਾਵ ਹੇਠ ਆਇਆ ਜੀਵ ਮਾਇਆ ਦੇ ਨਸ਼ੇ ਵਿੱਚ ਗੂੜੀ ਨੀਂਦ ਸੁੱਤਾ ਜ਼ਿੰਦਗੀ ਰੂਪੀ ਰਾਤ ਗੁਜ਼ਾਰ ਜਾਂਦਾ ਹੈ:

– ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥ (੯੨੦)

ਮਾਇਆ ਦੇ ਨਸ਼ੇ ਵਿੱਚ ਸੁੱਤੀ ਜੋਤਿ, ਚੇਤਨਤਾ ਅਥਵਾ ਮਨ ਰੂਪੀ ਗਿਆਨ ਨੂੰ ਗੁਰੂ ਦੀ ਕ੍ਰਿਪਾ ਦੁਆਰਾ ਜਗਾਇਆ ਜਾ ਸਕਦਾ ਹੈ। ਸੰਸਾਰੀ ਗਿਆਨ ਦਾ ਵਿਕਾਸ ਸਕੂਲੀ ਗੁਰੂਆਂ (ਟੀਚਰ, ਪ੍ਰੋਫੈਸਰ ਆਦਿ) ਦੁਆਰਾ ਹੁੰਦਾ ਹੈ ਪਰ ਆਤਮਿਕ ਜੋਤਿ ਗਿਆਨ ਦੇ ਸਰੂਪ ਦੀ ਸੋਝੀ ਉਸ ਮਹਾਂਪੁਰਖ ਸਤਿਗੁਰੂ ਜੀ ਨੇ ਕਰਾਉਣੀ ਹੈ ਜੋ ਧੁਰੋਂ ਬਰਕਤਾਂ ਦਾ ਮਾਲਕ ਬਣ ਕੇ ਆਉਂਦੇ ਹਨ।

– ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ (੪੪੧)

੫. ਜੋਤਿ ਦਾ ਗਿਆਨ ਰੂਪੀ ਪੱਖ ਇੱਕ ਉਚੇਰੀ ਦਾਤ ਹੈ ਜੋ ਪ੍ਰਮਾਤਮਾ ਦੀ ਮਿਹਰ ਨਾਲ ਪ੍ਰਾਪਤ ਹੁੰਦੀ ਹੈ। ਅਕਾਲ ਪੁਰਖ ਦੇ ਹੁਕਮ ਰੂਪੀ ਵਿਧਾਨ ਦਾ ਇੱਕ ਅਟੱਲ ਨਿਯਮ ਹੈ ਕਿ ਉੱਚੀ ਆਤਮਾ ਦੀ ਪ੍ਰਾਪਤੀ ਅਥਵਾ ਬਰਕਤਾਂ ਵਾਲੀ ਜੋਤਿ ਰੂਪ ਬ੍ਰਹਮ ਦੀ ਪਛਾਣ ਜਨਮਾਂ ਜਨਮਾਂਤਰਾਂ ਦੀ ਕੀਤੀ ਕਮਾਈ ਨਾਲ ਬਣਾਏ ਸੰਸਕਾਰਾਂ ਦੁਆਰਾ ਪ੍ਰਮਾਤਮਾ ਦੀ ਮਿਹਰ ਨਾਲ ਪ੍ਰਾਪਤਿ ਹੁੰਦੀ ਹੈ। ਜਿੰਨੀ ਵੱਡੀ ਕਮਾਈ ਕੀਤੀ ਹੁੰਦੀ ਹੈ ਓਡੀ ਵੱਡੀ ਦਾਤ ਸੰਭਾਲਣ ਦੀ ਯੋਗਤਾ ਦੀ ਪ੍ਰਾਪਤੀ ਹੁੰਦੀ ਹੈ। ਹਜ਼ਰਤ ਮੂਸਾ, ਹਜ਼ਰਤ ਈਸਾ, ਹਜ਼ਰਤ ਮੁਹੰਮਦ ਆਦਿ ਆਪਣੀ ਕਮਾਈ ਅਨੁਸਾਰ ਪ੍ਰਾਪਤ ਹੋਈ ਸ਼ਕਤੀ ਵਾਲੀ ਗਿਆਨ ਜੋਤਿ ਲੈ ਕੇ ਸੰਸਾਰ ਤੇ ਆਏ ਸਨ ਅਤੇ ਉਨ੍ਹਾਂ ਨੇ ਉਸ ਅਨੁਸਾਰ ਧਰਮ ਚਲਾਏ। ਜਿਹੜੇ ਚੇਲੇ ਉਨ੍ਹਾਂ ਮਹਾਂਪੁਰਖਾਂ ਅਥਵਾ ਖੁਦਾਈ ਪੁਰਖਾਂ ਦੇ ਗਿਆਨ ਰੂਪੀ ਜੋਤਿ ਵਾਲੇ ਬਣ ਗਏ, ਉਹ ਉਸ ਧਰਮ ਦੇ ਧਾਰਨੀ ਹੋ ਕੇ ਆਪਣੇ ਇਸ਼ਟ ਦੇ ਪਿਆਰੇ ਹੋ ਗਏ। ਜਿੰਨ੍ਹਾਂ ਨੇ ਉਨ੍ਹਾਂ ਪੈਗੰਬਰਾਂ ਦੇ ਗਿਆਨ ਨੂੰ ਨਾ ਅਪਣਾਇਆ ਉਹ ਉਸ ਗਿਆਨ ਜੋਤਿ ਤੋਂ ਵਾਂਝੇ ਰਹਿ ਗਏ।

੬. ਸੰਸਾਰੀ ਵਿੱਦਿਆ ਵਿੱਚ ਵੱਡੇ ਅਤੇ ਛੋਟੇ ਵਿਦਵਾਨ, ਵਿਗਿਆਨੀ, ਫਿਲਾਸਫਰ, ਲੇਖਕ, ਡਾਕਟਰ ਆਦਿ ਦੀ ਪੂਰਬ ਜਨਮਾਂ ਵਿੱਚ ਕੀਤੀ ਕਮਾਈ ਤੋਂ ਬਣੇ ਸੰਸਕਾਰਾਂ ਕਾਰਨ ਅਤੇ ਪ੍ਰਭੂ ਦੀ ਮਿਹਰ ਦੀ ਦੇਣ ਹਨ।

੭. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚੇਰੀ ਕਮਾਈ ਅਤੇ ਅਕਾਲ ਪੁਰਖ ਵੱਲੋਂ ਹੋਈਆਂ ਉਚੇਰੀਆਂ ਬਰਕਤਾਂ ਵਾਲੀ ਬਖਸ਼ਿਸ਼ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਵੀ ਕੀਤਾ ਹੈ "**ਪਹਿਲਾ ਬਾਬੇ ਪਾਯਾ ਬਖਸ ਦਰਿ ਪਿਛੋ ਦੇ ਫਿਰਿ ਘਾਲ ਕਮਾਈ**"। ਉਚੇਚੀ ਕਮਾਈ ਦੁਆਰਾ ਪ੍ਰਾਪਤ ਹੋਈ ਨਿਆਰੀ ਗਿਆਨ ਜੋਤਿ ਦੇ ਮਾਲਕ ਗੁਰੂ ਨਾਨਕ ਜੀ ਨੇ ਨਿਆਰਾ ਨਿਰਮਲ ਪੰਥ ਚਲਾਇਆ।

੮. ਜਿੰਨ੍ਹਾਂ ਨੇ ਆਪਣੇ ਗੁਰੂ ਦੀ ਮੱਤ ਲੈ ਕੇ ਆਪਣੀ ਜ਼ਿੰਦਗੀ ਸੁਆਰ ਲਈ ਉਹ ਬਰਕਤਾਂ ਦੇ ਮਾਲਕ ਬਣ ਗਏ। ਲੋਕ ਪ੍ਰਲੋਕ ਦੀ ਸੋਭਾ ਖੱਟ ਲਈ। ਜਿਸਨੇ ਗੁਰੂ ਦੇ ਗਿਆਨ ਵਿੱਚ ਆਪਣਾ ਆਪ ਲੀਨ ਕਰ ਦਿੱਤਾ, ਆਪਣੀ ਹੋਂਦ ਨੂੰ ਗੁਰੂ ਦੀ ਹੋਂਦ ਵਿੱਚ ਸਮਾ ਦਿੱਤਾ, "**ਜਿਹੜੇ ਏਕ ਜੋਤਿ ਦੋਇ ਮੂਰਤੀ**" ਦੀ ਅਵਸਥਾ ਨੂੰ ਪੁੱਜ ਗਏ, ਉਹ ਲਹਿਣੇ ਤੋਂ ਗੁਰੂ ਅੰਗਦ ਜੀ, ਅਮਰਦਾਸ ਤੋਂ ਗੁਰੂ ਅਮਰਦਾਸ ਜੀ, ਜੇਠੇ ਤੋਂ ਗੁਰੂ ਰਾਮਦਾਸ ਜੀ ਬਣਦੇ ਰਹੇ। ਜਿੰਨ੍ਹਾਂ ਨੂੰ ਪੂਰਬ ਜਨਮ ਦੀ ਕਮਾਈ ਸਦਕਾ ਗੁਰੂ ਮਿਲ ਗਿਆ ਅਤੇ ਜਿੰਨ੍ਹਾਂ ਨੇ ਆਪਾ ਭਾਵ ਮਿਟਾ ਕੇ ਸਤਿਗੁਰਾਂ ਦੀ ਗਾਖੜੀ ਸੇਵਾ ਚਿਤ ਲਾ

ਕੇ ਕੀਤੀ ਅਥਵਾ ਜਿੰਨ੍ਹਾਂ ਨੇ ਪੂਰਨ ਜੁਗਤੀ ਅਨੁਸਾਰ ਗੁਰੂ ਪਾਰਸ ਦੀ ਛੋਹ ਪ੍ਰਾਪਤ ਕਰ ਲਈ ਉਹ ਸਤਿਗੁਰਾਂ ਦੀ ਜੋਤਿ ਵਿੱਚ ਸਮਾ ਕੇ ਆਪ ਵੀ ਪਾਰਸ ਬਣਦੇ ਰਹੇ:

- ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥ ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥
ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ॥
ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ॥(੨੭)

ਪੂਰਬਲੇ ਕਰਮਾਂ ਦੀ ਕਮਾਈ ਅਤੇ ਵਾਹਿਗੁਰੂ ਦੀ ਬਖਸ਼ਿਸ਼ ਦਾ ਸਦਕਾ ਹੀ ਗੁਰੂ ਨਾਲ ਮਿਲਾਪ ਹੁੰਦਾ ਹੈ ਅਥਵਾ ਸਤਿਗੁਰਾਂ ਦੇ ਘਰ ਵਿੱਚ ਜਨਮ ਹੁੰਦਾ ਹੈ। ਗੁਰੂ ਨਾਨਕ ਸਾਹਿਬ ਜੀ ਦੀ ਗਿਆਨ ਰੂਪੀ ਜੋਤਿ ਦਸਾਂ ਗੁਰੂ ਸਾਹਿਬਾਨ ਵਿੱਚ ਵਿਚਰੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਗੁਰੂ ਨਾਨਕ ਦੇਵ ਜੀ ਦੇ ਗਿਆਨ ਦਾ ਹੀ ਵਿਕਾਸ ਰੂਪ ਹਨ। ਦਸਾਂ ਗੁਰੂਆਂ ਦੀ ਜੀਵਨ ਕਮਾਈ ਨਾਲ ਪ੍ਰਗਟਿਆ, ਅਥਾਹ ਬਰਕਤਾਂ ਵਾਲਾ ਗਿਆਨ ਸਾਗਰ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਗੁਰਾਂ ਦੀ ਜੋਤਿ ਦਾ ਸਾਖਸ਼ਾਤ ਪ੍ਰਕਾਸ਼ ਹਨ। ਬ੍ਰਹਮ ਵਿਚਾਰ ਵਾਲੇ ਇਸ ਗਿਆਨ ਦੀ ਛੋਹ ਜਿਸ ਕਰਮਾਂ ਵਾਲੇ ਨੇ ਪ੍ਰਾਪਤ ਕਰ ਲਈ, ਕੇਵਲ ਉਹੀ ਸਤਿਗੁਰਾਂ ਦੀ ਗਿਆਨ ਜੋਤਿ ਦੇ ਪ੍ਰਕਾਸ਼ ਦਾ ਅਗੰਮੀ ਅਨੰਦ ਮਾਣ ਸਕਦਾ ਹੈ। ਇਹ ਗੁਰੂ ਗਿਆਨ ਜੋਤਿ ਵਿਰਸੇ ਵਿੱਚ ਕਿਸੇ ਨੂੰ ਨਹੀਂ ਮਿਲੀ। ਪੂਰਬ ਜਨਮ ਦੀ ਕਰੜੀ ਘਾਲਣਾ ਅਤੇ ਪ੍ਰਮੇਸ਼ਰ ਦੀ ਨਦਰ ਨਾਲ ਗੁਰੂ ਮਿਲਦਾ ਹੈ। ਫਿਰ ਗੁਰੂ ਦਾ ਗਿਆਨ ਆਪਾ ਭਾਵ ਮਿਟਾ ਕੇ ਗਾਖੜੀ ਘਾਲਣਾ ਦੁਆਰਾ ਪ੍ਰਾਪਤ ਹੁੰਦਾ ਹੈ।

੯. ਇਹ ਕਹਿਣਾ ਸਰਾਸਰ ਅਗਿਆਨਤਾ ਹੈ ਕਿ ਗੁਰੂ ਨਾਨਕ ਦੇਵ ਜੀ ਵਿੱਚ ਉਦੋਂ ਗਿਆਨ ਪ੍ਰਗਟ ਹੋਇਆ ਸੀ ਜਦੋਂ ਉਹ ਸੁਲਤਾਨਪੁਰ ਲੋਧੀ ਸਨ। ਗੁਰੂ ਨਾਨਕ ਜੀ ਜਨਮ ਤੋਂ ਬ੍ਰਹਮ ਦੀ ਪਛਾਣ ਵਾਲੇ ਸਨ। ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਆਪਣੇ ਗੁਰੂ ਦੇ ਇਸ ਫੁਰਮਾਨ ਨੂੰ ਬੇਲੋੜਾ ਸਮਝ ਕੇ ਗੁਰੂ ਨਿੰਦਕ ਕਿਉਂ ਬਣੇ? **"ਤੇ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ"** ਭਾਵ ਹੇ ਸਤਿਗੁਰੂ ਜੀ! ਤੁਸਾਂ ਜਨਮਾਂ ਤੋਂ ਹੀ ਗੁਰੂ ਪਰਮੇਸਰ ਦੀ ਮਤਿ ਦੁਆਰਾ ਬ੍ਰਹਮ ਨੂੰ ਪਛਾਣਿਆ ਹੈ। ਜਨਮ ਤੋਂ ਹੀ ਪ੍ਰਮਾਤਮਾ ਨਾਲ ਡੂੰਘੀ ਸਾਂਝ ਪਾਈ ਹੋਈ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸਤਿਗੁਰ ਗੁਰੂ ਨਾਨਕ ਸਾਹਿਬ ਜੀ ਜਨਮ ਸਿੱਧ ਸਾਰੀਆਂ ਬਰਕਤਾਂ ਵਾਲੇ ਸਨ। ਸੰਸਾਰੀ ਤਜ਼ਰਬਿਆਂ ਦਾ ਜਨਮਤ ਗਿਆਨ ਵਿੱਚ ਰਲਣਾ ਹੋਰ ਗੱਲ ਹੈ। ਪਰ ਜਨਮ ਸਿੱਧ ਮਹਾਂਪੁਰਖ ਹੋਣ ਨੂੰ ਗਲਤ ਕਹਿਣਾ ਦੁਖਦਾਈ ਅਗਿਆਨਤਾ ਹੈ। ਉਂਜ ਵੀ ਸੰਸਾਰ ਵਿੱਚ ਚਮਤਕਾਰੀ ਬੁੱਧੀ ਵਾਲੇ ਬੱਚੇ ਪੈਦਾ ਹੁੰਦੇ ਹੀ ਰਹਿੰਦੇ ਹਨ।

੧੦. ਉਪਰੋਕਤ ਗੁਰਬਾਣੀ ਵਿਚਾਰ ਤੋਂ ਸਿੱਧ ਹੋਇਆ ਹੈ ਕਿ ਸਤਿਗੁਰੂ ਜੀ ਦਾ ਸਿਰਜਿਆ ਖ਼ਾਲਸਾ ਪੰਥ ਜੇ ਆਪਣੇ ਸਤਿਗੁਰੂ ਦੇ ਸ਼ਬਦ ਗਿਆਨ ਦੇ ਅਨੁਸਾਰ ਜਿਉਂ ਰਿਹਾ ਹੈ ਤਦ ਹੀ ਉਹ ਆਪਣੇ ਗੁਰੂ ਦੀ ਜੋਤ ਦਾ ਮਾਲਕ ਹੈ। ਕੇਵਲ ਏਹੀ ਸ਼ਰਤ ਗੁਰੂ ਪੰਥ ਨੂੰ ਸਤਿਗੁਰਾਂ ਦੀ ਗੁਰਿਆਈ ਦਾ ਭਾਈਵਾਲ ਬਣਾਉਂਦੀ ਹੈ। ਜੇ ਖ਼ਾਲਸਾ ਸ਼ਬਦ ਗੁਰੂ ਦੇ ਗਿਆਨ ਨੂੰ ਵਿਸਾਰ ਬੈਠਾ ਹੈ ਅਤੇ ਮਨਮਤੀਆ ਬਣ ਚੁੱਕਾ ਹੈ ਤਦ ਇਹ ਗੁਰੂ ਦਾ ਖ਼ਾਲਸਾ ਨਹੀਂ ਸਗੋਂ ਅਕਿਰਤਘਣਤਾ ਅਤੇ ਵਿਸ਼ਵਾਸਘਾਤੀਆਂ ਦਾ ਸਮੂਹ ਹੈ। ਜਿਹੜੇ ਲੋਕ ਗੁਰੂ ਦੇ ਗਿਆਨ ਦੀ ਗੱਲ ਛੱਡ ਕੇ ਪੰਥ ਨੂੰ ਗੁਰਿਆਈ ਦਾ ਮਾਲਕ ਅਤੇ ਸਤਿਗੁਰਾਂ ਦੀ ਜੋਤਿ ਦਾ ਮਾਲਕ ਕਹਿ ਕੇ ਵਡਿਆਉਂਦੇ ਹਨ, ਉਹ ਫੋਕਾ ਹੰਕਾਰ ਪੈਦਾ ਕਰਕੇ ਪੰਥ ਨੂੰ ਵਾਹਿਗੁਰੂ ਤੋਂ ਹੋਰ ਵੀ ਦੁਰਾਡੇ ਲਈ ਜਾਣ ਦੀ ਭੁੱਲ ਕਰ ਰਹੇ ਹਨ। ਪੰਥ ਨੂੰ ਉਸਦੇ ਅੰਦਰ ਵਾਪਰ ਚੁੱਕੀ ਤਬਦੀਲੀ ਦਾ ਚੇਤਾ ਕਰਾਉਣ ਦੀ ਲੋੜ ਹੈ, ਆਪੇ ਨੂੰ ਪਰਖਣ ਦੀ ਲੋੜ ਹੈ:

- ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥ (੧੪੮)

- ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ॥ (੨੨੯)

- ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥(੬੮੪)

- ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥(੧੩੭੮)

ਹੇ ਖ਼ਾਲਸਾ ਜੀ! ਅੱਜ ਤੂੰ ਪਰਉਪਕਾਰੀ ਅਤੇ ਬਹਾਦਰਾਂ ਵਾਲਾ ਜੀਵਨ ਤਿਆਗ ਕੇ ਗੁਰੂ ਦੀ ਬਖ਼ਸ਼ੀ ਸੂਰਤ ਮੂਰਤਿ ਨੂੰ ਤਿਲਾਂਜਲੀ ਦੇ ਕੇ ਫ਼ਿਲਮਾਂ ਦਾ ਐਕਟਰ ਬਣੀ ਜਾ ਰਿਹਾ ਹੈਂ। ਸਿੱਖੀ ਸਰੂਪ ਦਾ ਭੋਗ ਪਾਉਣ ਨੂੰ ਫੈਸ਼ਨ ਮੰਨੀ ਜਾਣ ਵੱਲ ਨੂੰ ਰੁਚੀ ਫੜ ਬੈਠਾ ਹੈਂ। ਗੁਰੂ ਦਰਬਾਰ ਵਿੱਚ ਜਿੰਨੀਆਂ ਵਧੀਕੀਆਂ ਤੂੰ ਕਰਦਾ ਹੈਂ, ਹੋਰ ਕਿਸੇ ਧਰਮ ਵਿੱਚ ਅਜਿਹੀ ਮੰਦੀ ਹਰਕਤ ਨਜ਼ਰ ਨਹੀਂ ਆਉਂਦੀ। ਨਾ ਤੇਰੇ ਲੰਗਰ ਦੀ ਮਰਿਯਾਦਾ ਉਹ ਰਹੀ, ਨਾ ਤੂ ਗੁਰੂ ਦਰਬਾਰ ਦੀ ਮਰਿਯਾਦਾ ਹੀ ਰਹਿਣ ਦਿੱਤੀ। ਆਪਣਾ ਆਚਰਣ ਵੀ ਗੁਆ ਬੈਠਾ ਹੈਂ। ਹਰ ਪਾਸਿਉਂ ਬਿਪਰਨ ਕੀ ਰੀਤ ਦਾ ਧਾਰਨੀ ਹੋ ਕੇ ਵੀ ਜੇ ਤੂੰ ਗੁਰੂ ਨਾਨਕ ਦੇਵ ਜੀ ਦੀ ਗੁਰਿਆਈ ਦਾ ਭਾਈਵਾਲ ਹੋਣ ਦਾ ਹੰਕਾਰ ਸਾਂਭੀ ਫਿਰਦਾ ਹੈ ਤਾਂ ਰਾਜ ਭਾਗ ਦੂਰ ਤੋਂ ਦੂਰ ਹੁੰਦਾ ਜਾਣਾ ਹੈ।

ਪੰਥ ਵਿੱਚ ਅਜਿਹੇ ਗੁਰੂ ਦੇ ਲਾਲਾਂ ਦੀ ਰੌਣਕ ਵੀ ਨਜ਼ਰੀਂ ਆ ਸਕਦੀ ਹੈ ਜਿਹੜੇ ਸਤਿਗੁਰੂ ਨਾਨਕ ਜੀ ਦੇ ਗੁਰੂ ਗਿਆਨ ਦੇ ਅਸਲ ਸਿਧਾਂਤ ਨੂੰ ਸਮਝ ਚੁੱਕੇ ਹਨ ਅਤੇ ਬ੍ਰਾਹਮਣੀ ਮਾਇਆ ਜਾਲ ਤੋਂ ਪੂਰੀ ਤਰ੍ਹਾਂ ਸੁਚੇਤ ਹਨ। ਪਰ ਉਨ੍ਹਾਂ ਦੀ ਅੱਜ ਸੁਣਦਾ ਕੋਈ ਨਹੀਂ। ਹੇ ਖ਼ਾਲਸਾ ਜੀਓ! ਅਜੇ ਵੀ ਤੂੰ ਮੁੜ ਉਨ੍ਹਾਂ ਹੀ ਬਰਕਤਾਂ ਦਾ ਮਾਲਕ ਬਣ ਸਕਦਾ ਹੈਂ ਕਿਉਂਕਿ ਅਜੇ ਤੂੰ ਆਪਣੇ ਪੂਰਨ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਮੁੱਖ ਨਹੀਂ ਫੇਰਿਆ ਅਤੇ ਤੇਰੇ ਅੰਦਰੋਂ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਅਜੇ ਪੂਰੀ ਤਰ੍ਹਾਂ ਨਹੀਂ ਮਰੀ। ਇਸ ਨਿਆਰੇ ਗੁਰੂ ਦੇ ਨਿਆਰੇ ਗਿਆਨ ਨੂੰ ਸਮਝ ਕੇ ਉਸ ਅਨੁਸਾਰ ਆਚਰਣ ਬਣਾਉਣ ਦੀ ਲੋੜ ਹੈ। ਬਿਪਰਨ ਕੀ ਰੀਤਿ ਨੂੰ ਸਮਝ ਕੇ ਉਸਨੂੰ ਤਲਾਂਜਲੀ ਦੇਣੀ ਹੈ ਅਤੇ ਉਸ ਮਰਿਯਾਦਾ ਦੇ ਧਾਰਨੀ ਹੋਣਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮਝਾ ਰਹੇ ਹਨ।

ਜਿਸ ਕੌਮ ਕੋਲ ਗੁਰੂ ਨਾਨਕ ਦੇਵ ਜੀ ਦੀ ਸਾਖਸ਼ਾਤ ਕਰਾਮਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੋਣ ਉਹ ਢਹਿੰਦੀਆਂ ਕਲਾਂ ਵੱਲ ਕਿਉਂ ਤੁਰੇ? ਸ਼ੁੱਧ ਗਿਆਨ ਦੇ ਸਾਗਰ ਇਸ ਗੁਰੂ ਨੂੰ ਨਿਰਾ ਪੂਜੀ ਜਾਣ ਨਾਲ ਜਾਂ ਇਸ ਅੱਗੇ ਖੜ੍ਹੇ ਹੋ ਕੇ ਲੰਮੀਆਂ ਅਰਦਾਸਾਂ ਕਰਕੇ ਮੱਥੇ ਰਗੜੀ ਜਾਣ ਨਾਲ ਜਾਂ ਕਈ ਤਰ੍ਹਾਂ ਦੀਆਂ ਵਿਧੀਆਂ ਨਾਲ ਇਸ ਦੇ ਪਾਠ ਕਰੀ ਕਰਾਈ ਜਾਣ ਨਾਲ ਕੁੱਝ ਨਹੀਂ ਸੰਵਰਨਾ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ।

ਸਤਿਗੁਰਾਂ ਦੇ ਇਸ ਫੁਰਮਾਨ ਨੂੰ ਸਦਾ ਯਾਦ ਰੱਖੀਏ ਕਿ ਜਿਹੜਾ ਮਨੁੱਖ ਆਪਣੀ ਜ਼ਿੰਦਗੀ ਵਿੱਚ ਜੋਤੀ ਜੋਤਿ ਨਾ ਸਮਾਇਆ ਉਹ ਮਰਨ ਉਪਰੰਤ ਉਸ ਜੋਤੀ ਦੀ ਜੋਤਿ ਵਿੱਚ ਕਿਸੇ ਯਤਨ ਨਾਲ ਵੀ ਨਹੀਂ ਸਮਾ ਸਕਦਾ। ਉਸ ਨੇ ਆਪਣੇ ਕਰਮਾਂ ਦਾ ਫਲ ਜ਼ਰੂਰ ਭੁਗਤਣਾ ਹੈ। ਜੋਤਿ ਪਦ ਦੀ ਵਰਤੋਂ ਵਾਲੇ ਕੁਝ ਸ਼ਬਦ ਇੰਜ ਹਨ:

- ਸੋ ਜਪੁ ਤਪੁ ਸੇਵਾ ਚਾਕਰੀ ਜੋ ਖਸਮੈ ਭਾਵੈ॥ ਆਪੇ ਬਖਸੇ ਮੇਲਿ ਲਏ ਆਪਤੁ ਗਵਾਵੈ॥
ਮਿਲਿਆ ਕਦੇ ਨ ਵੀਛੁੜੈ ਜੋਤੀ ਜੋਤਿ ਮਿਲਾਵੈ॥
ਨਾਨਕ ਗੁਰ ਪਰਸਾਦੀ ਸੋ ਬੁਝਸੀ ਜਿਸੁ ਆਪਿ ਬੁਝਾਵੈ॥(੧੨੪੭)

- ਥਾਵਰ ਥਿਰੁ ਕਰਿ ਰਾਖੈ ਸੋਇ॥ ਜੋਤਿ ਦੀ ਵਟੀ ਘਟ ਮਹਿ ਜੋਇ॥
ਬਾਹਰਿ ਭੀਤਰਿ ਭਇਆ ਪ੍ਰਗਾਸੁ॥ ਤਬ ਹੂਆ ਸਗਲ ਕਰਮ ਕਾ ਨਾਸੁ॥ (੩੪੪)

- ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥ (੫੯੯)